# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 16 ਜੁਲਾਈ 2025 ਦਿਨ ਬੁੱਧਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਕਾਮਰੇਡ ਰਣਬੀਰ ਸਿੰਘ ਢਿੱਲੋਂ ਦੀ ਪਹਿਲੀ ਬਰਸੀ ਮਨਾਉਣ ਦਾ ਫੈਸਲਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 16 ਜੁਲਾਈ : ਆਲ ਇੰਡੀਆ ਸਟੇਟ ਗੌਰਮਿੰਟ ਇੰਪਲਾਈਜ਼ ਕਨਫਡੇਰੇਸ਼ਨ ਦੇ ਕੌਮੀ ਆਗੂ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਦੇ ਸੂਬਾਈ ਚੇਅਰਮੈਨ ਕਾਮਰੇਡ ਰਣਬੀਰ ਸਿੰਘ ਢਿੱਲੋਂ, ਜੋ ਪਿਛਲੇ ਸਾਲ ਸਦੀਵੀ ਵਿਛੋੜਾ ਦੇ ਗਏ ਸਨ, ਦੇ ਪਹਿਲੀ ਬਰਸੀ ਦੇ ਸਮਾਗਮ ਮਿਤੀ 19 ਜੁਲਾਈ ਦਿਨ ਸ਼ਨੀਵਾਰ ਨੂੰ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਵਿੱਚ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਜਾਣਕਾਰੀ ਦਿੰਦਿਆਂ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾਈ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸਰਪ੍ਰਸਤ ਚਰਨ ਸਿੰਘ ਸਰਾਭਾ, ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ ਤੇ ਗੁਰਜੀਤ ਸਿੰਘ ਘੋੜੇਵਾਹ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਐਡੀਸ਼ਨਲ ਜਨਰਲ ਸਕੱਤਰ ਕਰਤਾਰ ਸਿੰਘ ਪਾਲ ਅਤੇ ਪ੍ਰੇਮ ਚਾਵਲਾ, ਪਰਵੀਨ ਕੁਮਾਰ ਲੁਧਿਆਣਾ, ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਪ੍ਰੈਸ ਸਕੱਤਰ ਟਹਿਲ ਸਿੰਘ ਸਰਾਭਾ ਅਤੇ ਪ੍ਰਭਜੀਤ ਸਿੰਘ ਉੱਪਲ ਨੇ ਦੱਸਿਆ ਹੈ ਕਿ ਇਹਨਾਂ ਸਮਾਗਮਾ ਦੌਰਾਨ ਸਾਥੀ ਰਣਬੀਰ ਸਿੰਘ ਢਿੱਲੋ ਦੇ ਲੰਮੇ ਸੰਘਰਸ਼ਮਈ ਜੀਵਨ ਬਾਰ, ਸੰਘਰਸ਼ ਸ਼ਾਂਤ ਦੌਰਾਨ ਕੀਤੀਆਂ ਗਈਆਂ ਪ੍ਰਾਪਤੀਆਂ ਬਾਰੇ ਅਤੇ ਮੌਜੂਦਾ ਸਮੇਂ ਦੌਰਾਨ ਮੁਲਾਜ਼ਮ ਵਰਗ ਨੂੰ ਦਰਪੇਸ਼ ਚੁਣੌਤੀਆਂ ਸਬੰਧੀ ਵਿਚਾਰ ਚਰਚਾ ਕੀਤੀ ਜਾਵੇਗੀ। ਇਸ ਦੌਰਾਨ ਫਰੀਦਕੋਟ ਜ਼ਿਲ੍ਹੇ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੇ ਆਗੂ ਕੁਲਵੰਤ ਸਿੰਘ ਚਾਨੀ, ਅਸ਼ੋਕ ਕੌਸ਼ਲ, ਇਕਬਾਲ ਸਿੰਘ ਮੰਘੇੜਾ, ਸੋਮਨਾਥ ਅਰੋੜਾ, ਨਛੱਤਰ ਸਿੰਘ ਭਾਣਾ, ਇਕਬਾਲ ਸਿੰਘ ਢੁੱਡੀ ਤੇ ਬਲਕਾਰ ਸਿੰਘ ਸਹੋਤਾ ਵੱਲੋਂ ਦੱਸਿਆ ਗਿਆ ਹੈ ਕਿ 19 ਜੁਲਾਈ ਨੂੰ ਸਵੇਰੇ ਠੀਕ 10:00 ਵਜੇ ਸ਼ਹੀਦ ਭਗਤ ਸਿੰਘ ਪਾਰਕ ਨੇੜੇ ਪੁਰਾਣਾ ਕਿਲ੍ਹਾ ਕੋਟਕਪੂਰਾ ਵਿਖੇ ਸਾਥੀ ਰਣਬੀਰ ਸਿੰਘ ਢਿੱਲੋਂ ਦਾ ਪਹਿਲਾ ਬਰਸੀ ਸਮਾਗਮ ਮਨਾਇਆ ਜਾਵੇਗਾ।

## ਸਰਕਾਰੀ ਸਸਸ ਸਕੂਲ ਭਲਵਾਨ ਵਿਖੇ ਚੇਤਨਾ ਪਰਖ ਪ੍ਰੀਖਿਆ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ –ਤਰਕਸ਼ੀਲ

### ਹਾਜ਼ਰੀਨ ਨੂੰ ਮੰਨਣ ਤੋਂ ਪਹਿਲਾਂ ਪਰਖਣ ਦਾ ਸੱਦਾ ਦਿੱਤਾ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮਵੇਦ



ਸੰਗਰੂਰ 16 ਜੁਲਾਈ : ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਵੱਲੋਂ ਸੁਰਿੰਦਰ ਪਾਲ ਉਪਲੀ, ਗੁਰਦੀਪ ਸਿੰਘ ਲਹਿਰਾ ਤੇ ਮਾਸਟਰ ਗੁਰਜੰਟ ਸਿੰਘ ਅਧਾਰਿਤ ਟੀਮ ਵੱਲੋਂ ਵਿਦਿਆਰਥੀਆਂ ਅੰਦਰ ਵਿਗਿਆਨਕ ਚੇਤਨਾ ਵਿਕਸਤ ਕਰਨ ਤੇ ਸੱਤਵੀਂ ਚੇਤਨਾ ਪਰਖ ਪ੍ਰੀਖਿਆ ਬਾਰੇ ਜਾਣਕਾਰੀ ਦੇਣ ਹਿੱਤ ਚਲਾਈ ਮੁਹਿੰਮ ਦੀ ਲੜੀ ਵਿੱਚ ਅਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਲਵਾਨ ਵਿਖੇ ਦਸਤਕ ਦਿੱਤੀ । ਸਭ ਤੋਂ ਪਹਿਲਾਂ ਸਕੂਲ ਪ੍ਰਿੰਸੀਪਲ ਮੈਡਮ ਨਿਸ਼ਾ ਨਾਰੰਗ ਨੇ ਤਰਕਸ਼ੀਲ ਟੀਮ ਦਾ ਧੰਨਵਾਦ ਕੀਤਾ ਤੇ ਵਿਦਿਆਰਥੀਆਂ ਨੂੰ ਆਪਣੀ ਸੋਚ ਵਿਗਿਆਨਕ ਬਣਾਉਣ ਦਾ ਸੁਨੇਹਾ ਦਿੱਤਾ।

ਤਰਕਸ਼ੀਲ ਆਗੂ ਮਾਸਟਰ ਗੁਰਜੰਟ ਸਿੰਘ ਨੇ ਆਪਣੇ ਸੰਬੋਧਨ ਵਿੱਚ ਵਿਦਿਆਰਥੀਆਂ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ ਤੇ ਰੂੜੀਵਾਦੀ ਵਿਚਾਰਾਂ ਦੀ ਦਲਦਲ ਵਿੱਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੀ ਰੋਸ਼ਨੀ ਵਿੱਚ ਆਉਣ ਦਾ ਸੱਦਾ



ਦਿੱਤਾ। ਉਨ੍ਹਾਂ ਮੰਨਣ ਤੋਂ ਪਹਿਲਾਂ ਹਰ ਗੱਲ ਪਰਖ਼ਣ ਲਈ ਕਿਹਾ।ਇਸ ਸਮੇਂ ਤਰਕਸ਼ੀਲ ਆਗੂ ਗੁਰਦੀਪ ਲਹਿਰਾ ਤੇ ਸੁਰਿੰਦਰ ਪਾਲ uppli ex sdo bsnl ਨੇ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਇਹ ਪ੍ਰੀਖਿਆ 29 ਤੇ 31 ਅਗਸਤ ਨੂੰ ਹੋਵੇਗੀ, ਪ੍ਰੀਖਿਆ ਵਿੱਚ ਛੇਵੀਂ ਤੋਂ ਬਾਰ੍ਹਵੀਂ ਤੱਕ ਦੇ ਵਿਦਿਆਰਥੀ ਸ਼ਾਮਲ ਹੋ ਸਕਦੇ ਹਨ।ਮਿਡਲ ਤੇ ਸੈਕੰਡਰੀ ਪੱਧਰ ਦੇ ਓ ਐਮ ਆਰ ਸ਼ੀਟ ਤੇ 60 ਬਹੁ ਚੋਣਾਵੀ ਪ੍ਰਸ਼ਨਾਂ ਦੇ ਆਧਾਰ ਤੇ ਦੋ ਪੇਪਰ ਹੋਣਗੇ। ਮੈਰਿਟ ਕਲਾਸ ਵਾਈਜ ਬਣੇਗੀ। ਸੂਬਾ,ਜੋਨ ਤੇ ਇਕਾਈ ਪੱਧਰ ਤੇ ਮੈਰਿਟ ਬਣੇਗੀ। ਉਨ੍ਹਾਂ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਪ੍ਰੀਖਿਆ ਵਿੱਚ ਸ਼ਮੂਲੀਅਤ ਕਰਨ ਦੀ ਅਪੀਲ ਕੀਤੀ।ਇਸ ਸਮੇ ਵਿਦਿਆਰਥੀਆਂ ਨੂੰ ਵਿਗਿਆਨਕ ਵਿਚਾਰਾਂ ਚੇਤਨਾ ਪਰਖ਼ ਪ੍ਰੀਖਿਆ ਲਈ ਸਿਲੇਬਸ ਪੁਸਤਕਾਂ ਵੀ ਦਿੱਤੀਆਂ ਗਈਆਂ।ਇਸ ਸਮਾਗਮ ਵਿੱਚ ਉਪਰੋਕਤ ਤੋਂ ਇਲਾਵਾ ਲੈਕਚਰਾਰ ਅਣੂ ਗੋਇਲ, ਜਸਵਿੰਦਰ ਕੌਰ, ਬਲਜੀਤ ਸਿੰਘ, ਸੁਖਜੀਤ ਸਿੰਘ, ਕੁਲਵੰਤ ਸਿੰਘ , ਤਜਿੰਦਰ ਕੌਰ, ਸਤਿੰਦਰ ਕੌਰ ਮਾਸਟਰ ਗੁਰਸੇਵਕ ਸਿੰਘ, ਜਤਿੰਦਰਦੀਪ ਕੌਰ,ਅੰਜੂ ਬਾਲਾ , ਸੋਨੀਆ ਮਿੱਤਲ, ਸੰਦੀਪ ਕੌਰ, ਅਮਨਦੀਪ ਕੌਰ, ਮਨਪ੍ਰੀਤ ਸਿੰਘ, ਬਲਜਿੰਦਰ ਸਿੰਘ,ਰੀਤਾ ਰਾਣੀ, ਜਸਵਿੰਦਰ ਸਿੰਘ, ਮਨਪ੍ਰੀਤ ਸਿੰਘ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ ।

## ਜਵਾਹਰ ਨਵੋਦਿਆ ਵਿਦਿਆਲਿਆ ਕਾਉਣੀ ’ਚ 6ਵੀਂ ਜਮਾਤ ਦੇ ਦਾਖਲੇ ਲਈ ਰਜਿਸਟ੍ਰੇਸ਼ਨ ਸ਼ੁਰੂ

### 29 ਜੁਲਾਈ ਤੱਕ ਭਰੇ ਜਾ ਸਕਣਗੇ ਆਨਲਾਈਨ ਫਾਰਮ : ਡਿਪਟੀ ਕਮਿਸ਼ਨਰ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 16 ਜੁਲਾਈ : ਜਵਾਹਰ ਨਵੋਦਿਆ ਵਿਦਿਆਲਿਆ ਪਿੰਡ ਕਾਉਣੀ ਜਿਲਾ ਫਰੀਦਕੋਟ ਵਿੱਚ ਵਿੱਦਿਅਕ ਵਰ੍ਹੇ 2026-27 ਲਈ ਛੇਵੀਂ ਜਮਾਤ ਵਿੱਚ ਦਾਖਲੇ ਲਈ ਦਾਖਲਾ ਪ੍ਰੀਖਿਆ 2026 ਦੇ ਆਨਲਾਈਨ ਫਾਰਮ ਨਵੋਦਿਆ ਵਿਦਿਆਲਿਆ ਦੀ ਵੈਬਸਾਈਟ ’ਤੇ ਭਰੇ ਜਾ ਰਹੇ ਹਨ। ਦਾਖਲੇ ਲਈ ਫਾਰਮ ਭਰਨ ਦੀ ਆਖਰੀ ਤਰੀਕ 29 ਜੁਲਾਈ 2025 ਹੈ ਅਤੇ ਪ੍ਰੀਖਿਆ 13 ਦਸੰਬਰ ਨੂੰ ਲਈ ਜਾਵੇਗੀ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਫਰੀਦਕੋਟ-ਕਮ-ਚੇਅਰਮੈਨ ਵਿਦਿਆਲਿਆ ਮੈਨੇਜਮੈਂਟ ਕਮੇਟੀ ਮੈਡਮ ਪੂਨਮਦੀਪ ਕੌਰ ਨੇ ਦੱਸਿਆ ਕਿ ਜਵਾਹਰ ਨਵੋਦਿਆ ਵਿਦਿਆਲਿਆ ਸਿਲੈਕਸ਼ਨ ਟੈਸਟ 2026 ਫਾਰਮ ਭਰਨ ਦੇ ਚਾਹਵਾਨ ਪ੍ਰੀਖਿਆਰਥੀ ਦੀ ਉਮਰ 1 ਮਈ 2014 ਅਤੇ 31 ਜੁਲਾਈ 2016 ਦੇ ਵਿਚਕਾਰ ਹੋਣੀ ਚਾਹੀਦੀ ਹੈ। ਪ੍ਰੀਖਿਆਰਥੀ ਨੇ ਤੀਜੀ ਚੌਥੀ ਤੇ ਪੰਜਵੀਂ ਜਮਾਤ ਫਰੀਦਕੋਟ ਜਿਲ੍ਹੇ ਦੇ ਕਿਸੇ ਵੀ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਜਾਂ ਮਾਨਤਾ ਪ੍ਰਾਪਤ ਸਕੂਲ ਤੋਂ ਬਿਨ੍ਹਾਂ ਫੇਲ੍ਹ ਹੋਏ ਪੂਰਾ ਵਿੱਦਿਅਕ ਸ਼ੈਸ਼ਨ ਲਾ ਕੇ ਪਾਸ ਕੀਤੀ ਹੋਵੇ ਤੇ ਵਿਦਿਆਰਥੀ ਫਰੀਦਕੋਟ ਜਿਲ੍ਹੇ ਦਾ ਵਸਨੀਕ ਹੋਣਾ ਜਰੂਰੀ ਹੈ। ਵਿਦਿਆਰਥੀ ਪੰਜਵੀਂ ਜਮਾਤ ਵਿਦਿਅਕ ਸ਼ੈਸ਼ਨ 2025-26 ਦੇ ਦੌਰਾਨ ਪਾਸ ਹੋਵੇ। ਉਨ੍ਹਾਂ ਦੱਸਿਆ ਕਿ ਛੇਵੀਂ ਜਮਾਤ ਦੇ ਦਾਖਲੇ ਲਈ ਇਛੁੱਕ ਅਤੇ ਯੋਗ ਉਮੀਦਵਾਰ ਵੈਬਸਾਈਟ ’ਤੇ ਆਨਲਾਈਨ ਫਾਰਮ ਭਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਆਨਲਾਈਨ ਫਾਰਮ ਭਰਨ ਲਈ ਫਰੀਦਕੋਟ ਜਿਲ੍ਹੇ ਦਾ ਆਧਾਰ ਕਾਰਡ ਜਾਂ ਰਿਹਾਇਸ਼ੀ ਸਰਟੀਫਿਕੇਟ ਹੋਣਾ ਲਾਜਮੀ ਹੈ। ਡਿਪਟੀ ਕਮਿਸ਼ਨਰ ਨੇ ਯੋਗ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਬੱਚਿਆਂ ਦੇ ਸੁਨਹਿਰੀ ਭਵਿੱਖ ਲਈ ਉਨ੍ਹਾਂ ਨੂੰ ਇਸ ਪ੍ਰੀਖਿਆ ਲਈ ਅਪਲਾਈ ਜਰੂਰ ਕਰਵਾਉਣ।

## ਜ਼ਿਲ੍ਹੇ ਦੇ ਤਿੰਨੋਂ ਹਲਕਿਆਂ ਦੀ ਸੋਸ਼ਲ ਮੀਡੀਆ ਟੀਮ ਦੀ ਹੋਈ ਮੀਟਿੰਗ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 16 ਜੁਲਾਈ : ਦਿੱਲੀ ਦੇ ਸਾਬਕਾ ਸਿੱਖਿਆ ਮੰਤਰੀ ਅਤੇ ਪੰਜਾਬ ਪ੍ਰਭਾਰੀ ਸ਼੍ਰੀ ਮਨੀਸ਼ ਸਿਸੋਦੀਆ ਜੀ ਅਤੇ ਫਰੀਦਕੋਟ ਦੇ ਜਿਲਾ ਪ੍ਰਧਾਨ ਗੁਰਤੇਜ ਸਿੰਘ ਖੋਸਾ ਦੀ ਅਗਵਾਈ ਹੇਠ ਜ਼ਿਲ੍ਹਾ ਫ਼ਰੀਦਕੋਟ ਦੇ ਤਿੰਨੋਂ ਹਲਕਿਆਂ ਦੀ ਸੋਸ਼ਲ ਮੀਡੀਆ ਟੀਮ ਦੀ ਮੀਟਿੰਗ ਕੀਤੀ ਗਈ। ਇਸ ਦੌਰਾਨ ਮਨੀਸ਼ ਸਿਸੋਦੀਆ ਦੀ ਟੀਮ ਦੇ ਮੈਂਬਰ ਮਾਲਵਾ ਸੈਂਟਰਲ ਜੋਨ ਦੇ ਇੰਚਾਰਜ ਦੀਪਿਕ ਬਾਤਿਸ਼ ਅਤੇ ਜੋਨ ਸੈਕਟਰੀ ਇੰਦਰਜੀਤ ਸਿੰਘ ਨੇ ਜ਼ਿਲ੍ਹਾ ਫ਼ਰੀਦਕੋਟ ਦੀ ਟੀਮ ਨੂੰ ਵੱਖ-ਵੱਖ ਸੋਸ਼ਲ ਮੀਡੀਆ ਪਲੇਟਫਾਰਮਾਂ ਬਾਰੇ ਦਿੰਦਿਆਂ ‘ਆਪ’ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਘਰ-ਘਰ ਪਹੁੰਚਾਉਣ ਦਾ ਸੁਨੇਹਾ ਦਿੱਤਾ। ਮੀਟਿੰਗ ਵਿੱਚ ਅਮਨਦੀਪ ਸਿੰਘ ਬਾਬਾ ਚੇਅਰਮੈਨ ਮਾਰਕਿਟ ਕਮੇਟੀ ਫਰੀਦਕੋਟ, ਗੁਰਮੀਤ ਸਿੰਘ ਆਰੇਵਾਲਾ ਚੇਅਰਮੈਨ ਮਾਰਕਿਟ ਕਮੇਟੀ ਕੋਟਕਪੂਰਾ, ਰਮਨਦੀਪ ਸਿੰਘ ਮੁਮਾਰਾ ਚੇਅਰਮੈਨ ਮਾਰਕਿਟ ਕਮੇਟੀ ਸਾਦਿਕ, ਜ਼ਿਲ੍ਹਾ ਇੰਚਾਰਜ ਪਰਵਿੰਦਰ ਸਿੰਘ ਮੱਲਾ, ਜ਼ਿਲ੍ਹਾ ਸਕੱਤਰ ਮਨਜੀਤ ਸ਼ਰਮਾ, ਸਿਮਰਜੀਤ ਸਿੰਘ ਪੱਖੀਕਲਾਂ ਹਲਕਾ ਇੰਚਾਰਜ ਫਰੀਦਕੋਟ ਅਤੇ ਹਲਕਾ ਸੈਕਟਰੀ ਕੁਲਦੀਪ ਸਿੰਘ ਚੰਨੀਆਂ, ਕਰਨਵੀਰ ਸਿੰਘ ਢਾਬ ਹਲਕਾ ਇੰਚਾਰਜ ਜੈਤੋ, ਕੁਲਦੀਪ ਸਿੰਘ ਸੰਧੂ ਹਲਕਾ ਸੈਕਟਰੀ ਕੋਟਕਪੂਰਾ, ‘ਆਪ’ ਆਗੂ ਪ੍ਰਿੰਸ ਬਹਿਲ ਸਮੇਤ ਸਮੂਹ ਬਲਾਕ ਸੋਸ਼ਲ ਮੀਡੀਆ ਇੰਚਾਰਜ ਆਦਿ ਵੀ ਹਾਜ਼ਰ ਸਨ।

## ਆਈਲੈਟਸ ਅਤੇ ਪੀ.ਟੀ.ਈ. ਦੀ ਇੱਕ ਮਹੀਨੇ ’ਚ ਤਿਆਰੀ ਕਿਵੇਂ ਕਰੀਏ, ਬਾਰੇ ਹੋਇਆ ਸੈਮੀਨਾਰ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ


ਕੋਟਕਪੂਰਾ, 16 ਜੁਲਾਈ : ਸਥਾਨਕ ਮੁਕਤਸਰ ਰੋਡ ’ਤੇ ਰੇਲਵੇ ਪੁਲ ਕੋਲ ਅਤੇ ਫਰੀਦਕੋਟ ਦੇ ਥਾਣਾ ਸਦਰ ਕੋਲ ਸਥਿੱਤ ਚੰਡੀਗੜ੍ਹ ਆਈਲੈਟਸ ਸੈਂਟਰ ਐਂਡ ਇੰਮੀਗ੍ਰੇਸ਼ਨ ਸੈਂਟਰ (ਸੀ.ਆਈ.ਆਈ.ਸੀ.) ਵਿਖੇ ਚੇਅਰਮੈਨ ਵਾਸੂ ਸ਼ਰਮਾ ਅਤੇ ਡਾਇਰੈਕਟਰ ਮੈਡਮ ਰਕਸ਼ੰਦਾ ਸ਼ਰਮਾ ਦੀ ਅਗਵਾਈ ਹੇਠ ਫਰੀਦਕੋਟ ਸੈਂਟਰ ਵਿਖ ਵਿਦਿਆਰਥੀਆਂ ਲਈ ਖਾਸ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਅਕਾਲ ਕੰਪਿਊਟਰ ਸੈਂਟਰ ਦੇ ਸੰਚਾਲਕ ਸੁਖਬੀਰ ਸਿੰਘ, ਰਾਜਵੀਰ ਕੌਰ ਆਦਿ ਨੇ ਵਿਸ਼ੇਸ਼ ਸਹਿਯੋਗ ਕੀਤਾ। ਇਸ ਮੌਕੇ ਮੈਡਮ ਹਰਜੀਤ ਨੇ ਵਿਦਿਆਰਥੀਆਂ ਦਾ ਸ਼ਾਨਦਾਰ ਸੁਆਗਤ ਕੀਤਾ। ਮੈਡਮ ਸੁਖਬੀਰ ਨੇ ਆਈਲੈਟਸ ਅਤੇ ਪੀ.ਟੀ.ਈ. ਦੀ ਪੂਰੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਈਲੈਟਸ



ਅਤੇ ਪੀ.ਟੀ.ਈ. ਦੀ ਇੱਕ ਮਹੀਨੇ ਵਿੱਚ ਕਿਵੇਂ ਤਿਆਰੀ ਕਰ ਸਕਦੇ ਹਾਂ ਅਤੇ ਉਹਨਾਂ ਟਿਪਸ ਅਤੇ ਟ੍ਰਿਕਸ ਦਿੱਤੀਆਂ ਗਈਆਂ ਅਤੇ ਉਹਨਾਂ ਇਹ ਵੀ ਦੱਸਿਆ ਕਿ ਜਿਹੜੇ ਵਿਦਿਆਰਥੀ ਬਾਹਰ ਜਾਣਾ ਚਾਹੁੰਦੇ ਪਰ ਉਹ ਇੰਟਰਵਿਊ ਤੋਂ ਘਬਰਾ ਰਹੇ ਹਨ, ਇਸ ਲਈ ਉਹਨਾਂ ਦੱਸਿਆ ਕਿ ਇੰਟਰਵਿਊ ਤੋਂ ਘਬਰਾਉਣ ਦੀ ਕੋਈ ਲੋੜ ਨਹੀਂ, ਸੀ.ਆਈ.ਆਈ.ਸੀ. ਇੰਟਰਵਿਊ ਦੀ ਤਿਆਰੀ ਕਰਵਾਏਗਾ ਅਤੇ ਇੰਟਰਵਿਊ ਕਢਵਾਉਣ ਵਿੱਚ ਮੱਦਦ ਵੀ ਕਰੇਗਾ। ਮੈਡਮ ਪੂਜਾ ਦੁਆਰਾ ਦੇਸ਼-ਵਿਦੇਸ਼ ਦੇ ਵੀਜ਼ੇ ਬਾਰੇ ਜਾਣਕਾਰੀ ਦਿੱਤੀ ਗਈ। ਉਹਨਾਂ ਦੱਸਿਆ ਕਿ ਘੱਟ ਬਜ਼ਟ ਨਾਲ ਵਿਦਿਆਰਥੀ ਸਟੱਡੀ ਵੀਜ਼ਾ ਲਵਾ ਸਕਦੇ ਹਨ ਅਤੇ ਵਿਦੇਸ਼ ਵਿੱਚ ਸੈਟਲ ਹੋ ਸਕਦੇ ਹਨ ਅਤੇ ਸੀ.ਆਈ.ਆਈ.ਸੀ. ਤੁਹਾਨੂੰ ਕੋਈ ਵੀ ਪ੍ਰੋਫ਼ਾਈਲ ਤੇ ਤੁਹਾਨੂੰ ਗਰੰਟੀ ਨਾਲ ਵੀਜ਼ਾ ਲੈ ਕੇ ਦੇਵੇਗਾ। ਇਸ ਲਈ ਅੱਜ ਹੀ ਸੀ.ਆਈ.ਆਈ.ਸੀ. ਪਹੁੰਚੋ ਅਤੇ ਮਾਹਰ ਟੀਮ ਨਾਲ ਮਿਲ ਕੇ ਬਾਹਰ ਜਾਣ ਦਾ ਸੁਪਨਾ ਸਾਕਾਰ ਕਰੋ। ਇਸ ਮੌਕੇ ਹੋਰਨਾ ਤੋਂ ਇਲਾਵਾ ਸੈਂਟਰ ਦਾ ਸਮੁੱਚਾ ਸਟਾਫ ਅਤੇ ਵਿਦਿਆਰਥੀ ਵੀ ਹਾਜਰ ਸਨ।

## ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪਟਿਆਲਾ ਦੇ ਕਰਨਲ ਬਾਠ ਹਮਲੇ ਦੇ ਮਾਮਲੇ ਨੂੰ ਚੰਡੀਗੜ੍ਹ ਪੁਲਿਸ ਤੋਂ ਸੀਬੀਆਈ ਨੂੰ ਤਬਦੀਲ ਕੀਤਾ

ਵਰਲਡ ਪੰਜਾਬੀ ਟਾਈਮਜ਼




ਚੰਡੀਗੜ੍ਹ 16 ਜੁਲਾਈ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਜਸਟਿਸ ਰਾਜੇਸ਼ ਭਾਰਦਵਾਜ ਨੇਪਟਿਆਲਾ ਦੇ ਬਦਨਾਮ ਕਰਨਲ ਬਾਠ ਹਮਲੇ ਦੇ ਮਾਮਲੇ ਨੂੰ ਚੰਡੀਗੜ੍ਹ ਪੁਲਿਸ ਤੋਂ ਸੀਬੀਆਈ ਨੂੰ ਤਬਦੀਲ ਕਰ ਦਿੱਤਾ ਹੈ।

ਇਸੇ ਗੁਰਤੇਜ ਸਿੰਘ ਢਿੱਲੋਂ ਦੀ ਪੁਸ਼ਟੀ ਕਰਦੇ ਹੋਏ, ਭਾਜਪਾ ਨੇਤਾ ਅਤੇ ਕਰਨਲ ਪੁਸ਼ਪਿੰਦਰ ਸਿੰਘ ਬਾਠ ਦੇ ਸਾਲੇ ਨੇ ਕਿਹਾ, “ਹਾਂ, ਹੁਣ ਸੀਬੀਆਈ ਇਸ ਮੁੱਦੇ ਦੀ ਜਾਂਚ ਕਰੇਗੀ।”

ਕਰਨਲ ਬਾਠ ਅਤੇ ਉਨ੍ਹਾਂ ਦਾ ਪਰਿਵਾਰ ਜ਼ਮੀਨੀ ਪੱਧਰ ‘ਤੇ ਇਸ ਮਾਮਲੇ ਦੀ ਸੁਤੰਤਰ ਜਾਂਚ ਦੀ ਮੰਗ ਕਰ ਰਹੇ ਸਨ, ਤਰਜੀਹੀ ਤੌਰ ‘ਤੇ ਕੇਂਦਰੀ ਜਾਂਚ ਬਿਊਰੋ ਦੁਆਰਾ, ਕਿਉਂਕਿ ਚੰਡੀਗੜ੍ਹ ਪੁਲਿਸ “ਨਿਰਪੱਖ ਅਤੇ ਸੁਤੰਤਰ ਜਾਂਚ” ਕਰਨ ਵਿੱਚ ਅਸਫਲ ਰਹੀ ਸੀ।

ਕਰਨਲ ਬਾਠ ਹਮਲੇ ਦੇ ਮਾਮਲੇ ਵਿੱਚ ਪੰਜਾਬ ਪੁਲਿਸ ਦੇ ਕਿਸੇ ਵੀ ਦੋਸ਼ੀ ਨੂੰ ਗ੍ਰਿਫ਼ਤਾਰ ਕਰਨ ਵਿੱਚ ਚੰਡੀਗੜ੍ਹ ਪੁਲਿਸ ਦੀ ਅਸਫਲਤਾ ਨੇ ਕੇਸ ਨੂੰ ਚੰਡੀਗੜ੍ਹ ਪੁਲਿਸ ਤੋਂ ਸੀਬੀਆਈ ਨੂੰ ਤਬਦੀਲ ਕਰਨ ਲਈ ਜ਼ਮੀਨੀ ਦੁਸ਼ਮਣੀ ਖੜ੍ਹੀ ਕਰ ਦਿੱਤੀ ਹੈ।

## ਸੂਦ ਜਠੇਰੇ ਪਿੰਡ ਕੁੱਕੜਾਂ ਵਿਖੇ 51 ਫੁੱਟ ਉੱਚਾ ਝੰਡਾ ਮਿਤੀ 20 ਜੁਲਾਈ (ਜੇਠੇ ਐਤਵਾਰ) ਨੂੰ ਬੜੀ ਸ਼ਰਧਾ ਭਾਵਨਾ ਚੜਾਇਆ ਜਾਵੇਗਾ- ਸੂਦ ਵਿਰਕ

ਵਰਲਡ ਪੰਜਾਬੀ ਟਾਈਮਜ਼ ਅਸ਼ੋਕ ਸ਼ਰਮਾ ਪ੍ਰੀਤ ਕੌਰ ਪ੍ਰੀਤੀ



ਕੁੱਕੜਾਂ ਹੁਸ਼ਿਆਰਪੁਰ 16 ਜੁਲਾਈ : ਸੂਦ ਜਠੇਰੇ ਪਿੰਡ ਕੁੱਕੜਾਂ ਵਿਖੇ 51 ਫੁੱਟ ਉੱਚਾ ਝੰਡਾ ਮਿਤੀ 20 ਜੁਲਾਈ (ਜੇਠੇ ਐਤਵਾਰ) ਨੂੰ ਬੜੀ ਸ਼ਰਧਾ ਭਾਵਨਾ ਅਤੇ ਸਮੂਹ ਸੰਗਤਾਂ ਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਚੜਾਇਆ ਜਾਵੇਗਾ। ਇਸ ਮੌਕੇ ਸਵੇਰੇ ਚਾਹ ਪਕੌੜਿਆਂ ਦਾ ਲੰਗਰ ਅਤੇ ਬਾਬਾ ਜੀ ਦਾ ਲੰਗਰ ਅਤੁੱਟ ਵਰਤੇਗਾ। ਇਸ ਸ਼ੁਭ ਮੌਕੇ ਸੂਦ ਜਠੇਰੇ ਪ੍ਰਬੰਧਕ ਕਮੇਟੀ ਰਜਿ: ਪਿੰਡ ਕੁੱਕੜਾਂ ਦੇ ਸਮੂਹ ਮੈਂਬਰ ਸਹਿਬਾਨ ਵੱਲੋਂ ਨਿਮਰਤਾ ਸਹਿਤ ਬੇਨਤੀ ਹੈ ਕਿ ਸਮੂਹ ਸੂਦ ਪਰਿਵਾਰ ਸੰਗਤਾਂ ਹੁੰਮ ਹੁੰਮਾਂ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨ ਜੀ।

## ਨਰਮੇ ਦੀ ਫਸਲ ਸਬੰਧੀ ਡਿਪਟੀ ਡਾਇਰੈਕਟਰ ਵੱਲੋਂ ਜਿਲ੍ਹਾ ਪੱਧਰੀ ਮੀਟਿੰਗ ਦਾ ਆਯੋਜਨ

### ਜਿਲ੍ਹੇ ਦੇ ਵੱਖ ਵੱਖ ਪਿੰਡਾਂ ’ਚ ਨਰਮੇਂ ਦੇ ਖੇਤਾਂ ਦਾ ਕੀਤਾ ਗਿਆ ਸਰਵੇਖਣ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 16 ਜੁਲਾਈ : ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਦੇ ਡਿਪਟੀ ਡਾਇਰੈਕਟਰ (ਕਪਾਹ ਵਿਸਥਾਰ) ਡਾ. ਚਰਨਜੀਤ ਸਿੰਘ ਡਿਪਟੀ ਡਾਇਰੈਕਟਰ (ਕਪਾਹ ਵਿਸਥਾਰ) ਵੱਲੋਂ ਜਿਲ੍ਹਾ ਫਰੀਦਕੋਟ ਜਿਲ੍ਹੇ ਦੇ ਵੱਖ ਵੱਖ ਪਿੰਡਾਂ ਵਿੱਚ ਨਰਮੇਂ ਦੇ ਖੇਤਾਂ ਦਾ ਸਰਵੇਖਣ ਕੀਤਾ ਗਿਆ। ਇਸ ਉਪਰੰਤ ਜਿਲ੍ਹਾ ਪੱਧਰ ਦੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਨਰਮੇਂ ਦੀ ਤਾਜਾ ਸਥਿਤੀ ਬਾਰੇ ਰਿਪੋਰਟ ਲਈ। ਉਹਨਾਂ ਵੱਲੋਂ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਪੰਜਾਬ ਸਰਕਾਰ ਦੇ ਨਰਮੇਂ ਦੀ ਫਸਲ ਪ੍ਰਤੀ ਵੱਖ^ਵੱਖ ਦਿਸ਼ਾ-ਨਿਰਦੇਸ਼ਾਂ ਬਾਰੇ ਜਾਣੂ ਕਰਵਾਇਆ ਗਿਆ। ਇਸ ਮੌਕੇ ਉਹਨਾਂ ਦੇ ਨਾਲ ਪੰਜਾਬ ਦੀ ਸਟੇਟ ਪੱਧਰੀ ਸਰਵੇਲੈਂਸ਼ ਟੀਮ ਦੇ ਮੈਂਬਰ ਡਾ. ਯਾਦਵਿੰਦਰ ਸਿੰਘ, ਏ.ਐਮ.ਓ ਫਰੀਦਕੋਟ ਅਤੇ ਡਾ. ਅਮਨਦੀਪ ਕੇਸ਼ਵ ਪੀ.ਡੀ. ਆਤਮਾ ਮੌਜੂਦ ਸਨ। ਡਾ. ਕੁਲਵੰਤ ਸਿੰਘ ਮੁੱਖ ਖੇਤੀਬਾੜੀ ਅਫਸਰ ਫਰੀਦਕੋਟ ਨੇ ਦੱਸਿਆ ਕਿ ਨਰਮੇ ਦੀ ਫਸਲ ਨੂੰ ਕੀੜੇ-ਮਕੌੜਿਆਂ ਤੋ ਬਚਾਉਣ ਲਈ ਜਿਲ੍ਹੇ ਵਿੱਚ ਜਿਲ੍ਹਾ-ਪੱਧਰ, ਬਲਾਕ-ਪੱਧਰ, ਸਰਕਲ-ਪੱਧਰ ਦੀਆਂ 15 ਸਰਵੇਖਣ ਟੀਮਾਂ ਬਣਾਈਆ ਗਈਆ ਹਨ ਜੋ ਕਿ ਨਰਮੇ ਦੀ ਫਸਲ ਦਾ ਹਫਤਾਵਾਰੀ ਸਰਵੇਖਣ ਕਰ ਰਹੀਆਂ ਹਨ। ਸਰਵੇਖਣ ਟੀਮਾਂ ਵੱਲੋ ਹਫਤਾਵਰੀ 30 ਸਪਾਟ ਉਪਰ ਸਰਵੇਖਣ ਕੀਤਾ ਜਾਂਦਾ ਹੈ ਅਤੇ ਇਸ ਹਫਤੇ ਦੇ ਸਰਵੇਖਣ ਦੋਰਾਨ ਰਸ ਚੂਸਣ ਵਾਲੇ ਕੀੜਿਆਂ (ਹਰਾ ਤੇਲਾ, ਚਿੱਟਾ ਮੱਛਰ ਅਤੇ ਭੂਰੀ ਜੂੰ) ਦਾ ਹਮਲਾ ਕਿਤੇ ਕਿਤੇ ਦੇਖਣ ਨੂੰ ਮਿਲਿਆ ਹੈ ਪਰ ਆਰਥਿਕ ਕਗਾਰ ਤੋ ਘੱਟ ਹੈ। ਇਸ ਸਬੰਧ ਵਿੱਚ ਡਾ. ਕੁਲਵੰਤ ਸਿੰਘ ਮੁੱਖ ਖੇਤੀਬਾੜੀ ਅਫਸਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਕਿਸਾਨ ਆਪਣੇ ਖੇਤਾਂ ਦਾ ਸਰਵੇਖਣ ਲਗਾਤਾਰ ਕਰਦੇ ਰਹਿਣ ਅਤੇ ਜੇਕਰ ਹਾਨੀਕਾਰਕ ਕੀੜਿਆਂ ਦਾ ਹਮਲਾ ਖੇਤਾਂ ਵਿੱਚ ਦੇਖਣ ਨੂੰ ਆਉਂਦਾ ਹੈ ਤਾਂ ਕਿਸਾਨ ਤੁਰਤ ਖੇਤੀਬਾੜੀ ਵਿਭਾਗ ਨਾਲ ਸੰਪਰਕ ਕਰਨ। ਡਾ. ਚਰਨਜੀਤ ਸਿੰਘ ਡਿਪਟੀ ਡਾਇਰੈਕਟਰ (ਕਪਾਹ ਵਿਸਥਾਰ) ਨੇ ਦੱਸਿਆ ਕਿ ਸਾਉਣੀ 2025 ਦੋਰਾਨ ਨਰਮਾਂ ਪੱਟੀ ਦੇ ਜਿਲ੍ਹਿਆਂ ਵਿੱਚ ਕੀਤੇ ਗਏ ਦੋਰਿਆ ਦੋਰਾਨ ਵੇਖਿਆ ਗਿਆ ਹੈ ਕਿ ਕਈ ਜਗਾ ਨਰਮੇ ਦੀ ਫਸਲ ਉਪਰ ਖੁਰਾਕੀ ਤੱਤਾਂ ਦੀ ਘਾਟ ਦੇਖਣ ਨੂੰ ਮਿਲ ਰਹੀ ਹੈ, ਜਿਸ ਸਬੰਧ ਵਿੱਚ ਕਿਸਾਨਾਂ ਨੂੰ ਇਸ ਸਬੰਧੀ ਸੁਚੇਤ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਨਰਮੇਂ ਦੀ ਫਸਲ ਨੂੰ ਦਰਮਿਆਨੀਆਂ ਉਪਜਾਊ ਜਮੀਨਾਂ ਲਈ 90 ਕਿੱਲੋਂ ਯੂਰੀਆ ਫੁੱਲ ਨਿਕਲਣ ਤੱਕ ਤਿੰਨ ਬਰਾਬਰ ਕਿਸ਼ਤਾਂ ਵਿੱਚ ਪਾਈਆਂ ਜਾਣ। ਉਨ੍ਹਾਂ ਨੇ ਦੱਸਿਆ ਕਿ ਨਰਮੇਂ ਦੀ ਫਸਲ ਉਪਰ ਰਸ ਚੂਸਨ ਵਾਲੇ ਕੀੜੇ ਮਕੌੜੇ ਅਤੇ ਗੁਲਾਬੀ ਸੁੰਡੀ ਦੇ ਸੰਭਾਵੀ ਹਮਲੇ ਤੋ ਘਬਰਾਉਣ ਦੀ ਲੋੜ ਨਹੀ ਹੈ, ਬਲਕਿ ਹਾਨੀਕਾਰਕ ਕੀੜਿਆਂ ਦੀ ਰੋਕਥਾਮ ਲਈ ਲਗਾਤਾਰ ਖੇਤਾਂ ਦਾ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ। ਹਾਨੀਕਾਰਕ ਕੀੜਿਆਂ ਦਾ ਹਮਲਾ ਹੋਣ ਦੀ ਸੂਰਤ ਵਿੱਚ ਕਿਸਾਨ ਸਿਰਫ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋ ਸ਼ਿਫਾਰਸ਼ ਕੀਟ ਨਾਸ਼ਕਾਂ ਦੀ ਸਪਰੇਅ ਹੀ ਕਰਨ। ਇਸ ਦੋਰਾਨ ਬਲਾਕ ਖੇਤੀਬਾੜੀ ਅਫਸਰ ਡਾ. ਗੁਰਪ੍ਰੀਤ ਸਿੰਘ ਅਤੇ ਸਮੂਹ ਸਟਾਫ ਹਾਜ਼ਰ ਸੀ।

## ਮੇਲਾ



ਵਰਲਡ ਪੰਜਾਬੀ ਟਾਈਮਜ਼ ਕਰਮਜੀਤ ਕੌਰ ਮੁਕਤਸਰ

ਸੁਬਹ-ਸਵੇਰੇ ਘਰ ਦੇ ਵਿਹੜੇ ਵਿੱਚ ਟਹਿਲਦਿਆਂ ਜਦ ਮੈਂ ਅਸਮਾਨ ਵੱਲ ਛਾਤ ਮਾਰੀ ਤਾਂ ਪੂਰਾ ਅਸਮਾਨ ਕਾਲੀਆਂ ਘਟਾਵਾਂ ਨਾਲ ਘਿਰਿਆ ਹੋਇਆ ਸੀ। ਤੇਜ਼ ਹਵਾ ਦੇ ਨਾਲ ਉਹ ਕਾਲੇ ਬੱਦਲ ਬੜੀ ਤੇਜ਼ੀ ਨਾਲ ਅੱਗੇ ਵਧ ਰਹੇ ਸਨ। ਹਲਕੀ-ਹਲਕੀ ਕਿਣਮਿਣ ਧਰਤੀ ਤੇ ਡਿੱਗ ਰਹੀ ਸੀ। ਕੁਦਰਤ ਨੇ ਆਪਣੀ ਸੁੰਦਰਤਾ ਦਾ ਅਨੌਖਾ ਨਜ਼ਾਰਾ ਪੇਸ਼ ਕੀਤਾ ਹੋਇ ਸੀ। ਇਸ ਸੁਹਾਵਣੇ ਮੌਸਮ ਦਾ ਅਨੰਦ ਮਾਣਦੇ ਹੋਏ, ਮੇਰੀ ਸੋਚ ਅਤੀਤ ਦੇ ਕੁੱਝ ਪੰਨੇ ਫਰੋਲਣ 'ਚ ਜੁਟ ਗਈ। ਸੋਚਿਆ, ਸਾਵਣ ਦਾ ਮਹੀਨਾ ਚੜ੍ਹਨ 'ਚ ਮਸਾਂ ਚਾਰ ਕੁ ਦਿਨ ਹੀ ਬਾਕੀ ਹਨ। ਤਾਰੀਖ ਚੈੱਕ ਕਰਦੇ ਸਾਰ ਹੀ ਮੇਰੇ ਚਿਹਰੇ ਉੱਪਰ ਆਪ-ਮੁਹਾਰੇ ਮੁਸਕਾਨ ਛਾ ਗਈ।

ਖੈਰ! ਅੱਜ ਦੇ ਦਿਨ ਮੇਰੇ ਪਿੰਡ ਵਿੱਚ ਇੱਕ ਫ਼ਕੀਰ ਦੀ ਸਮਾਧ ਉੱਤੇ ਮੇਲਾ ਲਗਦਾ ਹੈ। ਉਸ ਮੇਲੇ ਦਾ ਦ੍ਰਿਸ਼ ਮੇਰੀਆਂ ਅੱਖਾਂ ਸਾਹਮਣੇ ਘੁੰਮਣ ਲੱਗਿਆ। ਮੇਲੇ ਦੀ ਰੌਣਕ ਵਧਾਉਣ ਲਈ ਹਰ ਸਾਲ ਪਿੰਡ ਦੇ ਲੋਕਾਂ ਅਤੇ ਗੁਆਢੀ ਪਿੰਡਾਂ ਵੱਲੋਂ ਵੀ ਉਪਰਾਲੇ ਕੀਤੇ ਜਾਂਦੇ ਸਨ। ਲੋਕ ਦੂਰੋਂ-ਨੇੜੀਓ ਚੱਲ ਕੇ ਇਸ ਮੇਲੇ ਨੂੰ ਦੇਖਣ ਆਉਂਦੇ। ਮੇਲੇ ਤੇ ਜਾਣ ਲਈ ਹਰ ਸਖ਼ਸ਼ ਅੰਦਰੋ-ਅੰਦਰੀ ਉਤਸੁਕਤਾ ਵਿੱਚ ਰਹਿੰਦਾ। ਭਾਵੇਂ ਇਸ ਮੇਲੇ ਨੂੰ ਦੇਖਣ ਲਈ ਪਿੰਡ ਦੀ ਹਰ ਵਿਆਹੀ ਕੁੜੀ ਆਪਣੇ ਪੇਕੇ ਘਰ ਪਹੁੰਚਦੀ ਪਰੰਤੂ ਪਿੰਡ ਦੀਆਂ ਕੁਆਰੀਆਂ ਕੁੜੀਆਂ ਨੂੰ ਮੇਲੇ ਵਿੱਚ ਜਾਣ ਦੀ ਇਜਾਜ਼ਤ ਥੋੜ੍ਹੀ ਔਖੀ ਹੀ ਮਿਲਦੀ ਸੀ। ਆਪਣੀ ਸੁਰਤ 'ਚ ਮੈਨੂੰ ਵੀ ਇਜਾਜ਼ਤ ਕਾਫੀ ਔਖੀ ਹੀ ਮਿਲੀ ਸੀ। ਸਿਰਫ਼ ਇੱਕ ਦੋ ਵਾਰ ਹੀ ਮੈਨੂੰ ਮੇਲੇ ਜਾਣ ਦਾ ਮੌਕਾ ਮਿਲਿਆ ਸੀ। ਜਦ ਪਹਿਲੀ ਵਾਰ ਮੌਕਾ ਮਿਲਿਆ ਤਾਂ ਉਦੋਂ ਅਸੀਂ ਆਂਢ-ਗੁਆਂਢ ਦੀਆਂ ਸੱਤ-ਅੱਠ ਕੁੜੀਆਂ ਕੱਠੀਆਂ ਹੋ ਕੇ ਗਈਆਂ ਸੀ। ਉਦੋਂ ਅਸੀਂ ਬਹੁਤ ਖੁਸ਼ ਸੀ। ਸਾਰੀਆਂ ਨੇ ਪੰਜਾਬੀ ਸੂਟਾਂ ਨਾਲ ਤਿੱਲੇਦਾਰ ਕਢਾਈ ਵਾਲੀ ਪੰਜਾਬੀ ਜੁੱਤੀ ਵੀ ਪਹਿਨੀ ਹੋਈ ਸੀ। ਇੱਕ ਦੂਜੀ ਤੋਂ ਵੱਧ ਸੋਹਣੀਆਂ, ਹਸਦੀਆਂ, ਖੇਡਦੀਆਂ ਮੇਲੇ ਨੂੰ ਜਾਂਦੀਆਂ ਨੇ ਅਸੀਂ ਪੂਰੀ ਸੜ੍ਹਕ ਮੱਲੀ ਹੋਈ ਸੀ।

ਸਾਡੇ ਨਾਲ ਪਿੰਡ ਦੇ ਹੋਰ ਬਹੁਤ ਲੋਕ ਵੀ ਮੇਲੇ 'ਚ ਪਹੁੰਚ ਰਹੇ ਸਨ। ਜਿਨ੍ਹਾਂ ਵਿੱਚ ਜਿਆਦਾ ਤਰ ਔਰਤਾਂ, ਗੱਭਰੂ ਅਤੇ ਬੱਚੇ ਸ਼ਾਮਿਲ ਸਨ।

ਮੇਲੇ ਵਿੱਚ ਪਹੁੰਚ ਚੁਫੇਰੇ ਨਿਗ੍ਹਾਂ ਘੁਮਾਈ, ਦੇਖਿਆ ਕਿ ਖੂਬ ਰੌਣਕ ਲੱਗੀ ਹੋਈ ਹੈ। ਸੱਜੀਆਂ-ਸੰਵਰੀਆਂ ਔਰਤਾਂ ਅਤੇ ਨੌਜਵਾਨ ਲੜਕੀਆਂ ਨੇ ਸਾਰਾ ਮੇਲਾ ਲੁੱਟਿਆ ਹੋਇਆ ਹੈ।

ਜਿਵੇਂ ਘਰੋਂ ਕਹਿ ਕੇ ਆਈਆਂ ਹੋਣ, "ਆਹ ਲੈ ਫੜ ਕੁੰਜੀਆਂ ਤੇ ਸਾਂਭ ਲੈ ਤਿੰਜੋਰੀਆਂ, ਖਸਮਾਂ ਨੂੰ ਖਾਂਦਾ ਤੇਰਾ ਘਰ ਵੇ ............ ਚਲ ਮੇਲੇ ਨੂੰ ਚੱਲੀਏ ...............

ਕਈ ਚਿਰਾਂ ਤੋਂ ਵਿੱਛੜੀਆਂ ਸਹੇਲੀਆਂ ਇਸ ਮੇਲੇ ਵਿੱਚ ਆਣ ਕੱਠੀਆਂ ਹੋਈਆਂ ਸਨ। ਕਈ ਮੰਗੇਤਰ ਜੋੜੇ ਅਤੇ ਪ੍ਰੇਮੀ ਭੀੜ ਤੋਂ ਅੱਖ ਬਚਾਂ, ਇਸ਼ਕ ਦੀਆਂ ਬਾਤਾਂ ਪਾਉਂਦੇ ਨਜ਼ਰ ਆ ਰਹੇ ਸਨ। ਅਜਿਹੇ ਦ੍ਰਿਸ਼ ਦੇਖ ਸਾਡੇ ਵਿੱਚੋਂ ਇੱਕ ਜਣੀ ਬੋਲੀ "ਹਾਏ ਨੀ ਮੈਂ ਮਰਜਾਂ, ਐਨੇ ਲੋਕ ਆਉਂਦੇ ਆ ਮੇਲੇ ਤੇ।" ਕੋਲੋਂ ਲੰਘਦੇ ਕਿਸੇ ਗੱਭਰੂ ਨੇ ਜਵਾਬ ਦਿੱਤਾ, "ਮੇਲਾ ਸੋਹਣਾ ਹੀ ਬਹੁਤ ਹੈ, ਫਿਰ ਆਉਣਾ ਤੇ ਹੋਇਆ ਈ।"

ਉਸ ਦਾ ਜਵਾਬ ਸੁਣ ਸਾਰੀਆਂ ਗੁੱਝਾ-ਗੁੱਝਾ ਹੱਸਣ ਲੱਗ ਪਈਆਂ ਜਿਵੇਂ ਪੰਜਾਬ ਦੀ ਇੱਕ ਬੋਲੀ ਪ੍ਰਸਿੱਧ ਹੈ:

ਹੱਸ ਲਉ ਨੀ ਕੁੜੀਓ, ਖੇਡ ਲਉ ਨੀ ਕੁੜੀਓ
ਹੱਸਣਾ-ਖੇਡਣਾ ਰਹਿ ਜਾਊਗਾ ਨੀ ਕੋਈ ਬੂਜੜ ਜਿਆ ਜੱਟ ਲੈ ਜਾਊਗਾ ... ।

ਮੇਲੇ ਵਿੱਚ ਕੁੱਝ ਨੌਜਵਾਨ ਇਸ ਤਰ੍ਹਾਂ ਚੱਕਰ ਕੱਟ ਰਹੇ ਸਨ ਜਿਵੇਂ ਉਹ ਗਿਣਤੀ ਕਰ ਰਹੇ ਹੋਣ ਕਿ ਇਸ ਵਾਰ ਮੇਲੇ ਵਿੱਚ ਕੌਣ ਆਇਆ ਹੈ ਅਤੇ ਕੌਣ ਗੈਰ-ਹਾਜ਼ਰ ਆ।

ਇਸ ਰੌਣਕ ਦੀ ਭੀੜ ਵਿੱਚ ਕਦੇ ਕੋਈ ਅਚਨਚੇਤ ਵੀ ਮਿਲ ਪੈਂਦਾ ਹੈ ਜਿਹੜਾ ਕਿ ਦੂਰ ਤੋਂ ਨਿਹਾਰ ਰਿਹਾ ਹੁੰਦਾ ਹੈ ਜਿਵੇਂ ਲੋਕ ਬੋਲੀ ਵਿੱਚ ਕਿਹਾ ਜਾਂਦਾ ਹੈ :

ਨੀ ਉਹ ਦੂਰ ਖੜ੍ਹਾ ਸ਼ਰਮਾਵੇ, ਜਿਥੇ ਪਹਿਲਾ ਮੰਗੀ ਸੀ।
ਨੀ ਮੈਂ ਉਹਦੇ ਪਿੰਡ ਵਿਆਹੀ, ਜਿਥੇ ਸ਼ੱਕਰ ਵੰਡੀ ਸੀ।
ਮੇਰੀ ਵਰਗੀ ਨੀ ਥਿਆਉਣੀ, ਮੁੜ-ਮੁੜ ਇਥੇ ਹੀ ਆਵੇਗਾ।

ਮੇਲੇ ਵਿਚ ਬਹੁਤ ਸਾਰੀਆਂ ਦੁਕਾਨਾਂ ਵੀ ਸੱਜਦੀਆਂ। ਵੰਗਾਂ-ਚੂੜੀਆਂ ਹੋਰ ਨਿੱਕ-ਸੁੱਕ ਅਤੇ ਖਾਣ-ਪੀਣ ਦੀਆਂ ਦੁਕਾਨਾਂ ਉੱਪਰ ਵੱਡੀ ਭੀੜ ਲੱਗੀ ਹੋਈ ਸੀ। ਰਿਸ਼ਤੇ 'ਚ ਲਗਦੀਆਂ ਭਰਜਾਈਆਂ ਨੇ ਆਪਣੀਆਂ ਨਨਦਾਂ ਨੂੰ ਕੱਚ ਦੀਆਂ ਚੂੜੀਆਂ ਚੜ੍ਹਾਂ ਕੇ ਦਿੱਤੀਆਂ। ਇਕ ਰਵਾਇਤ ਅਨੁਸਾਰ ਉਹਨਾਂ ਦਾ ਮੰਨਣਾ ਹੈ ਕਿ ਘਰ ਦੀਆਂ ਧੀਆਂ ਨੂੰ ਚੂੜੀਆਂ ਚੜਾਉਣ ਦਾ ਚੰਗਾ ਸ਼ਗਨ ਮੰਨਿਆ ਜਾਂਦਾ ਹੈ। ਉਹਨਾਂ ਕੋਲ ਖੜੇ ਆਪਣੇ ਦਿਉਰ, ਜੇਠਾਂ ਨੂੰ ਵੰਗਾਂ ਚੜ੍ਹਾ ਕੇ ਦੇਣ ਦੀ ਮੁਸ਼ਕਰੀ ਵੀ ਕੀਤੀ। ਔਰਤਾਂ ਨੇ ਸੱਜੀਆਂ ਦੁਕਾਨਾਂ ਤੋਂ ਸਪੈਸ਼ਲ ਤਿਆਰ ਕੀਤਾ ਹੋਇਆ ਸੁਰਮਾ, ਰੰਗਲੀ ਦਾਤਣ ਅਤੇ ਸੁੰਦਰ ਪਰਾਂਦੇ ਵੀ ਖਰੀਦੇ। ਇਸ ਰੌਣਕ ਨੂੰ ਦੇਖਦਿਆਂ ਜਿਥੇ ਹਰ ਕੋਈ ਖੁਸ਼ ਨਜ਼ਰ ਆ ਰਿਹਾ ਸੀ ਉਥੇ ਆਪਸੀ ਨੋਕ-ਝੋਕ ਨਾਲ ਰਿਸ਼ਤੇ ਵੀ ਹੋਰ ਗੂੜੇ ਹੁੰਦੇ ਦਿਖਾਈ ਦਿੱਤੇ। ਮੇਲੇ ਵਿੱਚ ਬੱਚਿਆਂ ਨੇ ਵੀ ਕਾਫੀ ਸ਼ੋਰ ਮਚਾਇਆ ਹੋਇਆ ਸੀ। ਬਹੁਤ ਸਾਰੇ ਬੱਚੇ ਖਿਡੌਣਿਆ ਨਾਲ ਖੇਡ ਰਹੇ ਸਨ। ਕੁੱਝ ਬੱਚੇ ਹੋਰ ਖਿਡੌਣਿਆ ਦੀ ਜਿੱਦ ਫੜੀ ਬੈਠੇ ਸਨ। ਅਸੀਂ ਵੀ ਸਾਰੀਆਂ ਜਣੀਆਂ ਨੇ ਆਪਣੇ-ਆਪਣੇ ਲਈ ਥੋੜ੍ਹਾ ਬਹੁਤ ਖਰੀਦਣਾ ਚਾਹਿਆ। ਕਿਸੇ ਨੇ ਵੰਗਾਂ, ਕਿਸੇ ਮੁੰਦਰੀ, ਕਿਸੇ ਨੇ ਛੱਲਾ ਖਰੀਦਿਆ। ਵਾਪਸੀ ਦੌਰਾਨ ਬਾਕੀ ਲੋਕਾਂ ਵਾਂਗ ਅਸੀਂ ਵੀ ਪਕੌੜੇ ਅਤੇ ਜਲੇਬੀਆਂ ਖਰੀਦੇ ਅਤੇ ਹੱਸਦੀਆਂ ਖੇਡਦੀਆਂ ਘਰਾਂ ਨੂੰ ਪਰਤ ਆਈਆਂ।

## ਜਦੋਂ ਮੈਂ ਲੈਬ ਤੋਂ ਵੱਡਾ ਡਿਸਕਾਊਂਟ ਲਿਆ


ਵਰਲਡ ਪੰਜਾਬੀ ਟਾਈਮਜ਼ ਮੇਜਰ ਸਿੰਘ ਨਾਭਾ

ਕਿਸੇ ਵੀ ਬਿਮਾਰੀ ਦਾ ਇਲਾਜ ਕਰਾਉਣਾ ਆਮ ਲੋਕਾਂ ਲਈ ਸੌਖਾ ਨਹੀਂ ਕਿਉਂ ਕਿ ਟੈਸਟ , ਦਵਾਈਆਂ , ਇੰਜੈਕਸ਼ਨ , ਥਰੇਪੀਆਂ ਆਦਿ ਬਹੁਤ ਮਹਿੰਗੀਆਂ ਹਨ ।ਪੰਜਾਬ ਸਰਕਾਰ ਨੇ ਸਾਰਿਆਂ ਲਈ ਦਸ ਲੱਖ ਤੱਕ ਦਾ ਇਲਾਜ਼ ਫਰੀ ਕਰਨ ਦਾ ਐਲਾਨ ਕੀਤਾ ਹੈ ਜੋ ਵਧੀਆ ਗੱਲ ਹੈ । ਇਸ ਨਾਲ ਬਹੁਤ ਸਾਰੇ ਲੋੜਵੰਦਾਂ ਨੂੰ ਜਰੂਰ ਰਾਹਤ ਮਿਲੇਗੀ । ਮੈਂ ਪੀ.ਜੀ.ਆਈ. ਚੰਡੀਗੜ੍ਹ ਤੋਂ ਆਪਣੀ ਕੈਂਸ਼ਰ ਦੀ ਬਿਮਾਰੀ ਦਾ ਇਲਾਜ ਕਰਵਾ ਰਿਹਾ ਹਾਂ ਇਥੇ ਥਰੇਪੀ ਲਈ ਦਵਾਈ ਅਤੇ ਪੈਟ ਡਾਟਾ ਸਕੇਨ ਲਈ ਲੰਬੀ ਵੇਟਿੰਗ ਚਲ ਰਹੀ ਹੈ ।ਇਲਾਜ਼ ਲਈ ਤੁਰੰਤ ਥਰੇਪੀ ਲਈ ਸਤੰਬਰ 24 'ਚ ਮੈਂ ਜਰਮਨ ਤੋਂ ਇੱਕ ਦਿੱਲੀ ਦੀ ਕੰਪਨੀ ਰਾਹੀਂ ਦੋ ਲੱਖ ਅਠਾਈ ਹਜ਼ਾਰ ਸੱਤ ਸੌ ਚੁਰਾਸੀ ਰੁਪਏ ਦੀ ਦਵਾਈ ਮੰਗਵਾਈ । ਇਸ ਤੋਂ ਬਾਅਦ ਨਵੰਬਰ ਵਿੱਚ ਪੀ.ਜੀ.ਆਈ. ਵਲੋਂ ਵੀਹ ਹਜ਼ਾਰ ਦੀ ਉਹੋ ਦਵਾਈ ਉਪਲੱਭਦ ਹੋਣ ਕਾਰਨ ਥਰੈਪੀ ਹੋ ਗਈ । ਅਗਲੀ ਥਰੈਪੀ ਲਈ ਜੂਨ 25 ਤੱਕ ਦਵਾਈ ਨਾ ਆਉਣ ਕਾਰਨ ਗੈਪ ਪੈਣ ਕਾਰਨ ਡਾਕਟਰ ਨੇ ਦੁਬਾਰਾ ਪੈਟ ਡਾਟਾ ਸਕੇਨ ਕਰਾ ਕੇ ਅਗਲੇ ਟਰੀਟਮੈਂਟ ਨੂੰ ਕਰਨ ਲਈ ਕਿਹਾ । ਇਸ ਟੈਸਟ ਲਈ ਵੀ ਪੀ.ਜੀ.ਆਈ. ਵਿੱਚ ਲੰਬੀ ਉਡੀਕ ਕਰਨੀ ਪੈਣੀ ਸੀ , ਇਸ ਲਈ ਮੈਨੂੰ ਬਾਹਰੋਂ ਪ੍ਰਾਈਵੇਟ ਲੈਬ ਤੋਂ ਇਹ ਸਕੈਨ ਕਰਾਉਣਾ ਪਿਆ । ਮੈਂ ਪਹਿਲਾਂ ਵੀ ਇੱਕ ਵਾਰ ਇਥੋਂ ਜਨਵਰੀ 25 'ਚ ਸਕੇਨ ਕਰਾਇਆ ਸੀ ।ਹੁਣ ਛੇ ਮਹੀਨੇ ਬਾਅਦ ਮੈਂ ਉਸੇ ਲੈਬ ਤੋਂ ਫਿਰ ਸਕੈਨ ਦੀ ਤਾਰੀਖ ਲੈ ਲਈ ਅਤੇ ਉਨ੍ਹਾਂ ਰੇਟ ਡਿਸਕਾਊਂਟ ਕਰਕੇ ਵੀਹ ਹਜ਼ਾਰ ਦੱਸਿਆਂ । ਮੈਂ ਜਦੋਂ ਪਿਛਲੇ ਵਾਰ ਦੇ ਰੇਟ ਅਠਾਰਾਂ ਹਜ਼ਾਰ ਬਾਰੇ ਗੱਲ ਕੀਤੀ ਤਾਂ ਅਟੈਂਡੈਂਟ ਨੇ ਪੁੱਛ ਕੇ ਰੇਟ ਦੱਸਣ ਦੀ ਗੱਲ ਕਹੀ । ਥੋੜੀ ਦੇਰ ਬਾਅਦ ਅਠਾਰਾਂ ਹਜ਼ਾਰ 'ਚ ਹੀ ਕਰਨ ਦਾ ਮੈਸ਼ੇਜ਼ ਆ ਗਿਆਂ । ਮੈਂ ਨਿਸਚਿਤ ਦਿਨ ਲੈਬ ਤੇ ਗਿਆਂ ਤਾਂ ਕਾਊਂਟਰ ਤੇ ਬੈਠੇ ਅਟੈਂਡੈਂਟ ਨੇ ਫਾਰਮ ਭਰ ਕੇ 27500 ਰੁ: ਭਰਨ ਲਈ ਕਿਹਾ । ਮੈਂ ਉਸ ਨੂੰ ਜਦੋਂ ਮੈਸ਼ੇਜ਼ ਦਿਖਾਇਆ ਤਾਂ ਉਹ ਅੰਦਰ ਜਾ ਕੇ ਗੱਲ ਕਰ ਵਾਪਿਸ ਆ ਅਠ੍ਹਾਰਾਂ ਹਜ਼ਾਰ ਭਰਾਉਣ ਲਈ ਸਹਿਮਤ ਹੋ ਗਿਆ । ਪਰ ਮੈਂ ਇਸ ਵੱਡੇ ਅੰਤਰ ਬਾਰੇ ਸੋਚ ਰਿਹਾਂ ਕਿ ਆਮ ਲੋਕ ਤਾਂ ਮੰਗੇ ਪੈਸੇ ਭਰਾ ਹੀ ਦਿੰਦੇ ਹੋਣਗੇ , ਜੇ ਮੈਨੂੰ ਵੀ ਪਤਾ ਨਾ ਹੁੰਦਾ ਤਾਂ ਮੈਂ ਵੀ ਪੂਰ ਹੀ ਭਰਵਾ ਦੇਣੇ ਸੀ ।ਇਸ ਤਰ੍ਹਾਂ 9500 ਸੌ ਦਾ ਡਿਸਕਾਊਂਟ ਦੇਣਾ ਆਮ ਲੋਕਾਂ ਲਈ ਜਾਣਕਾਰੀ ਨਾ ਹੋਣਾ ਲੁੱਟ ਦਾ ਕਾਰਨ ਹੋ ਸਕਦਾ ਹੈ ।ਵੈਸੇ ਗਰੀਬ ਲੋਕਾਂ ਲਈ ਏਨਾ ਮਹਿੰਗਾ ਇਲਾਜ਼ ਕਰਾਉਣਾ ਉਨ੍ਹਾਂ ਦੇ ਵਸ ਦੀ ਗੱਲ ਨਹੀਂ ।ਟੈਸਟਾਂ ਦੇ ਰੇਟ 'ਚ ਇਹ ਵੱਡੇ ਫਰਕ ਤੌਂ ਇਲਾਵਾ ਕਮਿਸ਼ਨ ਵੀ ਤਾਂ ਵੱਖਰਾ ਹੋਵੇਗਾ । ਮਨਮਰਜ਼ੀ ਦੇ ਰੇਟ ਮਰੀਜ਼ਾਂ ਦੀ ਮਜਬੂਰੀ ਕਾਰਨ ਮਿਲਣ ਕਰਕੇ ਇਨ੍ਹਾਂ ਲੋਕਾਂ ਦੇ ਦਿਨਾਂ 'ਚ ਅਮੀਰ ਬਣਨ ਦੇ ਰਸਤੇ ਖੁੱਲ੍ਹੇ ਹੋਏ ਹਨ , ਜ਼ਿੰਦਗੀ ਦੇ ਅਖੀਰੀ ਸਮੇਂ 'ਚ ਇਨ੍ਹਾਂ ਦੀ ਜ਼ਮੀਰ ਜਰੂਰ ਫਿਟਲਾਨ੍ਹਤਾਂ ਦੇਵੇਗੀ ਜਦੋਂ ਇਹ ਸਾਰਾ ਪੈਸਾ ਛੱਡ ਕੇ ਇਨ੍ਹਾਂ ਨੂੰ ਖਾਲੀ ਹੱਥ ਜਾਣਾ ਪਵੇਗਾ। ਇਨਸਾਨੀਅਤ ਨਾਮ ਦਾ ਇਹ ਲੋਕ ਘਾਣ ਕਰਦੇ ਨਜ਼ਰ ਆ ਰਹੇ ਹਨ । ਇਸ ਤਰ੍ਹਾਂ ਮਰੀਜ਼ਾਂ ਨਾਲ ਐਨਾ ਧੋਖਾ ਕਰਨਾ ਡਾਕਟਰੀ ਪੇਸ਼ੇ ਨਾਲ ਖਿਲਵਾੜ ਹੀ ਹੈ । ਭਾਈ ਕਨ੍ਹਈਆ ਦੀ ਸੋਚ ਨੂੰ ਕਿਉਂ ਨਹੀਂ ਇਹ ਲੋਕ ਵਿਚਾਰਦੇ ।ਜਦੋਂ ਕਿ ਆਮ ਲੋਕਾਂ ਦੀ ਮਹੀਨੇ ਦੀ ਏਨੀ ਕਮਾਈ ਵੀ ਨਹੀਂ ਹੁੰਦੀ ਹੁਣ ਦੱਸੋ ਕਿ ਇਹੋ ਜਿਹੀਆਂ ਬਿਮਾਰੀਆਂ ਦਾ ਇਲਾਜ਼ ਕਿਵੇਂ ਕਰਵਾਇਆ ਜਾਵੇ ।

ਕੇਂਦਰ ਸਰਕਾਰ ਨੇ ਕਈ ਵੱਡੇ-ਵੱਡੇ ਫੈਸਲੇ ਲਏ ਹਨ ਪਰ ਲੈਬ ਟੈਸਟਾਂ ਦੇ ਰੇਟ ਸਰਕਾਰੀ ਰੇਟਾਂ ਤੋਂ ਕਈ ਗੁਣਾਂ ਵੱਧ ਹੋਣਾ ਜਨਤਾ ਦੀ ਲੁੱਟ ਕਰਨ ਨੂੰ ਖੁੱਲ੍ਹ ਦੇ ਰਹੀ ਹੈ ।ਸਰਕਾਰ ਦਵਾਈਆਂ ਦੀਆਂ ਕੀਮਤਾਂ ਐਨੀਆਂ ਜ਼ਿਆਦਾ ਕੰਪਨੀਆਂ ਨੂੰ ਕਿਉਂ ਪ੍ਰਿੰਟ ਕਰਨ ਲਈ ਆਗਿਆ ਦੇ ਰਹੀ ਹੈ ਜਦੋਂ ਕਿ ਅਸਲ ਕੀਮਤ ਬਹੁਤ ਘੱਟ ਹੁੰਦੀ ਹੈ । ਭੋਲੇ ਭਾਲੇ ਮਰੀਜ਼ਾਂ ਦੀ ਅੰਨ੍ਹੀ ਲੁੱਟ ਇਸ ਕਰਕੇ ਹੀ ਹੋ ਰਹੀ ਹੈ । ਮਰੀਜ਼ ਨੂੰ ਸਮਝ ਨਹੀਂ ਆਉਂਦਾ ਕਿ ਦਵਾਈਆਂ ਅਤੇ ਟੈਸਟਾਂ ਦੇ ਰੇਟਾਂ ਬਾਰੇ ਕਿਵੇਂ ਪੜਤਾਲ ਕਰੇ ਅਤੇ ਕਿਵੇਂ ਵੱਧ ਤੋਂ ਵੱਧ ਡਿਸਕਾਊਂਟ ਲਵੇ ਕਿਉਂ ਕਿ ਡਿਸਕਾਊਂਟ ਦੁਕਾਨ ਦੀ ਮਰਜ਼ੀ 'ਤੇ ਨਿਰਭਰ ਕਰਦਾ ਹੈ ।ਮਰੀਜ਼ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਇਸ ਸਾਰੇ ਵਰਤਾਰੇ ਬਾਰੇ ਜਾਗਰੂਕ ਹੋਣ ਦੀ ਲੋੜ ਹੈ ।ਸੋ ਸਰਕਾਰ ਨੂੰ ਸਖਤੀ ਨਾਲ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਉੱਪਰ ਕੰਟਰੋਲ ਕਰਕੇ ਉਨ੍ਹਾਂ ਦੀ ਆਈ ਲਾਗਤ ਨਾਲੋਂ ਕਿੰਨਾ ਵੱਧ ਰੇਟ ਪ੍ਰਿੰਟ ਕਰਨਾ ਹੈ ਇਹ ਤਹਿ ਕਰਨ ਲਈ ਦਿਸ਼ਾ ਨਿਰਦੇਸ਼ ਦੇਣੇ ਚਾਹੀਦੇ ਹਨ ਜੇ ਕੋਈ ਕੰਪਨੀ ਇਸ ਦੀ ਉਲੰਘਣਾ ਕਰਦੀ ਹੈ ਤਾਂ ਉਸਦੀ ਮਾਨਤਾ / ਲਾਇਸੰਸ ਕੈਂਸ਼ਲ ਕਰ ਦੇਣਾ ਚਾਹੀਦਾ ਹੈ ।ਰਾਜ ਸਰਕਾਰ ਨੂੰ ਵੀ ਇਸ ਵਿਸ਼ੇ ਵੱਲ ਗੰਭੀਰਤਾ ਨਾਲ ਲੈ ਕੇ ਦਵਾਈਆਂ , ਟੈਸਟਾਂ ਅਤੇ ਹੋਰ ਡਾਕਟਰੀ ਸ਼ਾਜੋ-ਸਮਾਨ ਦੇ ਰੇਟਾਂ ਉੱਪਰ ਨਿਯੰਤਰਨ ਕਰਨ ਲਈ ਕਦਮ ਉਠਾਉਣੇ ਚਾਹੀਦੇ ਹਨ ਤਾਂ ਜੋ ਸਿਹਤ ਸਹੂਲਤਾਂ ਨੂੰ ਹਰੇਕ ਦੀ ਪਹੁੰਚ ਤੱਕ ਪਹੁੰਚਾਇਆ ਜਾਵੇ ।

## ਲੋੜਵੰਦਾਂ,ਗਰੀਬ ਬੱਚਿਆਂ ਦੀ ਮੱਦਦ, ਸਿੱਖਿਆ ਅਤੇ ਸਮਾਜ ਭਲਾਈ ਨੂੰ ਸਮਰਪਿਤ ਹੈ ਅਧਿਆਪਕਾਂ ਰੰਜ਼ਨਾ ਰਾਣੀ।

ਵਰਲਡ ਪੰਜਾਬੀ ਟਾਈਮਜ਼ ਸੰਦੀਪ ਕੰਬੋਜ



ਇਕ ਪਾਸੇ ਜਿੱਥੇ ਲੜਕੀਆਂ ਨੂੰ ਲੜਕਿਆਂ ਨਾਲੋਂ ਘੱਟ ਸਮਝਿਆ ਜਾਂਦਾ ਹੈ, ਉਥੇ ਰੰਜ਼ਨਾ ਰਾਣੀ ਨੇ ਆਪਣੀਆਂ ਉਪਲੱਬਧੀਆਂ ਹਾਸਲ ਕਰ ਕੇ ਲੜਕੀਆਂ ਲੜਕਿਆਂ ਨਾਲੋਂ ਕਿਸੇ ਵੀ ਖੇਤਰ 'ਚ ਘੱਟ ਨਹੀਂ, ਦੀ ਗੱਲ ਸੱਚ ਸਾਬਤ ਕਰ ਦਿੱਤੀ ਹੈ।ਕਹਿੰਦੇ ਹਨ ਕਿ ਜੇਕਰ ਹੋਸਲਿਆਂ ਵਿੱਚ ਉਡਾਣ ਹੋਵੇ ਤਾਂ ਕੋਈ ਵੀ ਆਸਮਾਨ ਦੂਰ ਨਹੀਂ, ਇਹੀ ਗੱਲ ਸਿੱਧ ਕਰ ਦਿਖਾਈ ਹੈ ਰੰਜ਼ਨਾ ਰਾਣੀ ਨੇ। ਰੰਜ਼ਨਾ ਰਾਣੀ ਦਾ ਜਨਮ ਪਿਤਾ ਸ਼ਾਮ ਲਾਲ ਅਤੇ ਮਾਤਾ ਸ਼ੀਲਾ ਰਾਣੀ ਦੇ ਘਰ ਜਲੰਧਰ ਵਿਖੇ 06-07-1975 ਨੂੰ ਹੋਇਆ। ਰੰਜ਼ਨਾ ਰਾਣੀ ਵੱਖ ਵੱਖ ਸਮਾਜਸੇਵੀ ਸੰਸਥਾਵਾਂ ਨਾਲ ਜੁੜ ਕੇ ਸਮਾਜਸੇਵਾ ਦੇ ਕੰਮਾਂ ਵਿੱਚ ਵੱਧ ਚੜ ਕੇ ਵੱਡਾ ਯੋਗਦਾਨ ਪਾ ਰਹੀ ਹੈ।ਹਰ ਸਮੇਂ ਗ਼ਰੀਬ ਬੱਚਿਆਂ ਦੀ ਮੱਦਦ ਕਰਨਾ ਰੰਜ਼ਨਾ ਦਾ ਪਹਿਲਾਂ ਸ਼ੋਕ ਹੀ ਬਣ ਚੁੱਕਿਆ ਹੈ।ਵੱਖ ਵੱਖ ਸੰਸਥਾਵਾਂ ਵੱਲੋਂ ਬਹੁਤ ਵਾਰ ਰੰਜ਼ਨਾ ਰਾਣੀ ਨੂੰ ਸਨਮਾਨਿਤ ਵੀ ਕੀਤਾ ਜਾ ਚੁੱਕਿਆ ਹੈ। ਰੰਜ਼ਨਾ ਰਾਣੀ ਸਰਕਾਰੀ ਪ੍ਰਾਇਮਰੀ ਸਕੂਲ ਪਾਰਸਰਾਮਪੁਰ ਜਲੰਧਰ ਵਿਖੇ ਬਤੌਰ ਈ.ਟੀ.ਟੀ ਅਧਿਆਪਕਾ ਵਜੋ ਆਪਣੀਆਂ ਸੇਵਾਵਾਂ ਨਿਭਾ ਰਹੀ ਹੈ।ਰੰਜ਼ਨਾ ਰਾਣੀ ਸਕੂਲ ਵਿੱਚ ਬੱਚਿਆਂ ਦੀ ਸੇਵਾ ਲਈ ਡੂੰਘੀ ਵਚਨਬੱਧਤਾ ਨਾਲ ਪੂਰੀ ਤਰਾਂ ਸਮਰਪਿਤ ਹੈ। ਸਕੂਲ ਵਿੱਚ ਜੇਕਰ ਕਿਸੇ ਵੀ ਲੋੜਵੰਦ ਅਤੇ ਗਰੀਬ ਬੱਚਿਆਂ ਨੂੰ ਕਿਸੇ ਵੀ ਚੀਜ਼ ਦੀ ਜ਼ਰੂਰਤ ਹੁੰਦੀ ਹੈ ਤਾਂ ਰੰਜ਼ਨਾ ਰਾਣੀ ਵੱਲੋਂ ਮੁਫ਼ਤ ਵਿੱਚ ਆਪਣੇ ਕੋਲੋਂ ਉਹ ਚੀਜ਼ ਬੱਚਿਆਂ ਨੂੰ ਮੁੱਹਈਆ ਕਰਵਾਈ ਜਾਂਦੀ ਹੈ।ਰੰਜ਼ਨਾ ਰਾਣੀ ਦੁਆਰਾ ਬੱਚਿਆਂ ਵਿੱਚ ਕਲਾਂ ਅਤੇ ਹੁਨਰ ਨੂੰ ਪਹਿਚਾਨਣ ਲਈ ਬੱਚਿਆਂ ਦੀ ਰੁਚੀ ਮੁਤਾਬਿਕ ਪੜ੍ਹਾਈ ਤੋਂ ਇਲਾਵਾ ਵੀ ਗਤੀਵਿਧੀਆਂ ਕਰਨ ਲਈ ਦਿੱਤੀਆਂ ਜਾਂਦੀਆਂ ਹਨ।ਰੰਜ਼ਨਾ ਰਾਣੀ ਜੀ ਬੱਚਿਆਂ ਨੂੰ ਹਰ ਸਮੇਂ ਪੜ੍ਹਾਈ ਤੋਂ ਇਲਾਵਾ ਨੈਤਿਕ ਕਦਰਾਂ ਕੀਮਤਾਂ, ਸਮਾਜ਼ ਸੇਵਾ, ਰੁੱਖਾਂ ਦੀ ਸਾਂਭ ਸੰਭਾਲ, ਮਾਪਿਆਂ ਦਾ ਸਤਿਕਾਰ ਅਤੇ ਸਮਾਜ਼ ਵਿੱਚ ਵਿਚਰਨ ਨੂੰ ਨਵੇਂ ਨਵੇਂ ਤਰੀਕੇ ਨਾਲ ਸਿਖਾ ਰਹੀ ਹੈ। ਰੰਜ਼ਨਾ ਰਾਣੀ ਸਕੂਲ ਵਿੱਚ ਸਾਰਾ ਕੰਮ ਆਪਣੇ ਹੱਥੀ ਕਰਨ ਨੂੰ ਪਹਿਲ ਦਿੰਦੀ ਹੈ।ਰੰਜ਼ਨਾ ਰਾਣੀ ਹਰ ਵੀਕਐਂਡ ਤੇ ਗ਼ਰੀਬ ਬੱਚਿਆਂ ਨੂੰ ਸਿੱਖਿਆ ਦੇਣ, ਗਿਆਨ ਨਾਲ ਉਨ੍ਹਾਂ ਦੇ ਦਿਮਾਗ਼ ਦਾ ਪਾਲਣ ਪੋਸ਼ਣ ਕਰਨ ਅਤੇ ਉੱਜਵਲ ਭਵਿੱਖ ਦੀ ਉਮੀਦ ਕਰਨ ਲਈ ਸਮਰਪਿਤ ਹੈ।ਇਸ ਤੋਂ ਇਲਾਵਾ ਔਰਤਾਂ ਨੂੰ ਮਾਹਵਾਰੀ ਦੀ ਸਫਾਈ ਬਾਰੇ ਸਿੱਖਿਅਤ ਕਰਨ ਲਈ ਸਰਗਰਮ ਕਦਮ ਵੀ ਚੁੱਕ ਰਹੀ ਹੈ ਅਤੇ ਉਹਨਾਂ ਨੂੰ ਮਹੱਤਵਪੂਰਨ ਗਿਆਨ ਨਾਲ ਸਸ਼ਕਤ ਬਣਾਉਣ ਲਈ ਸੈਮੀਨਾਰ ਲਗਾ ਕੇ ਜਾਗਰੂਕ ਕਰ ਰਹੀ ਹੈ । ਵਾਤਾਵਰਣ ਦੀ ਸੰਭਾਲ, ਪੋਸ਼ਣ ਸੰਬੰਧੀ ਸਿੱਖਿਆ, ਅਤੇ ਮਾਹਵਾਰੀ ਦੀ ਸਿਹਤ ਨੂੰ ਫੈਲਾਉਣ ਵਾਲੀਆਂ ਵੱਖ-ਵੱਖ ਜਾਗਰੂਕਤਾ ਮੁਹਿੰਮਾਂ ਵਿੱਚ ਰੰਜ਼ਨਾ ਰਾਣੀ ਦੀ ਸ਼ਮੂਲੀਅਤ ਕਮਿਊਨਿਟੀ ਵਿਕਾਸ ਪ੍ਰਤੀ ਸੰਪੂਰਨ ਪਹੁੰਚ ਨੂੰ ਦਰਸਾਉਂਦੀ ਹੈ। ਕਮਿਊਨਿਟੀ ਸੇਵਾ ਦੇ ਤਜ਼ਰਬਿਆਂ ਨੇ ਰੰਜ਼ਨਾ ਨੂੰ ਦ੍ਰਿਸ਼ਟੀਕੋਣ ਤੋਰ ਤੇ ਅਮੀਰ ਬਣਾਇਆ ਹੈ ਅਤੇ ਜ਼ਿੰਮੇਵਾਰੀ ਦੀ ਡੂੰਘੀ ਭਾਵਨਾ ਪੈਦਾ ਕੀਤੀ ਹੈ।ਹਰੇਕ ਤਜ਼ਰਬੇ ਦੇ ਨਾਲ ਰੰਜ਼ਨਾ ਰਾਣੀ ਆਪਣੀ ਕੀਮਤੀ ਸੂਝ ਨਾਲ ਬਹੁਤ ਹੁਨਰ ਹਾਸਿਲ ਕੀਤਾ ਹੈ ਅਤੇ ਹਮੇਸ਼ਾ ਸਮਾਜ਼ ਭਲਾਈ ਦੇ ਕੰਮ ਰਹੀਂ ਹੈ।ਸਾਲ 2015 ਵਿੱਚ ਰੰਜ਼ਨਾ ਰਾਣੀ ਨੂੰ ਐਸ.ਡੀ.ਐਮ ਰਾਜਪੁਰਾ ਵੱਲੋਂ ਬੈਸਟ ਟੀਚਰ ਅਵਾਰਡ ਦੇ ਕੇ ਵਿਸ਼ੇਸ਼ ਤੋਰ ਤੇ ਸਨਮਾਨਿਤ ਕੀਤਾ ਗਿਆ।2016 ਵਿੱਚ ਰੋਟਰੀ ਕਲੱਬ ਰਾਜਪੁਰਾ ਵੱਲੋਂ ਸਮਾਜ ਸੇਵਾ ਨੂੰ ਸਮਰਪਿਤ ਹੋਣ ਕਰਕੇ ਵਿਸ਼ੇਸ਼ ਤੋਰ ਤੇ ਰੰਜ਼ਨਾ ਰਾਣੀ ਨੂੰ ਸਨਮਾਨਿਤ ਕੀਤਾ ਗਿਆ।

## ਵਿਗਿਆਨਕ ਵਿਚਾਰਾਂ ਦੇ ਧਾਰਨੀ ਹੋਣਾ ਵਕ਼ਤ ਦੀ ਮੁੱਖ ਲੋੜ – ਤਰਕਸ਼ੀਲ

### ਅੰਧਵਿਸ਼ਵਾਸ ਲੋਕਾਂ ਦੀ ਜਾਨ ਦੇ ਖੋਹ -ਮਾਸਟਰ ਪਰਮ ਵੇਦ

ਵਰਲਡ ਪੰਜਾਬੀ ਟਾਈਮਜ਼ ਮਾਸਟਰ ਪਰਮ ਵੇਦ



ਅਜ ਦਾ ਯੁੱਗ ਵਿਗਿਆਨ/ਕੰਮਪਿਊਟਰ ਦਾ ਯੁੱਗ ਹੈ ਇਸ ਤੋਂ ਅੱਗੇ ਵੀ ਮਸਨੂਈ ਬੁੱਧੀ (ਆਰਟੀਫੀਸ਼ੀਅਲ ਇੰਟੈਲੀਜੈਂਸ)ਦਾ ਯੁੱਗ ਬਣ ਗਿਆ ਹੈ ਪਰ ਦੂਜੇ ਪਾਸੇ ਭਾਰਤ ਵਿਚ ਵਿਗਿਆਨਿਕ ਸੋਚ ਦੀ ਥਾਂ ਅੰਧਵਿਸ਼ਵਾਸ ਵੀ ਆਮ ਗਲ ਹੈ। ਵਿਗਿਆਨਕ ਤਕਨੀਕਾਂ ਦੇ ਨਾਲੋਂ ਨਾਲ ਇਸ ਸਮੇਂ ਅੰਧਵਿਸ਼ਵਾਸ ਵੀ ਵਧ ਫੁੱਲ ਰਿਹਾ ਹੈ। ਭਾਵੇਂ ਵਿਗਿਆਨ ਤਰੱਕੀ ਕਰ ਰਿਹਾ ਹੈ ਤੇ ਆਏ ਦਿਨ ਨਵੀਂਆਂ ਵਿਗਿਆਨਕ ਖੋਜਾਂ ਦਾ ਪਸਾਰਾ ਵੱਧ ਰਿਹਾ ਹੈ। ਪਰ ਲੋਕਾਂ ਦਾ ਸੋਚਣ ਢੰਗ ਵਿਗਿਆਨਕ ਨਹੀਂ ਹੋ ਰਿਹਾ।ਇੱਥੇ ਤਾਂ ਜੱਜ ਤਕ ਵੀ ਕਹਿ ਸਕਦਾ ਹੈ ਕਿ ਮੋਰਨੀ ਮੋਰ ਦੇ ਹੰਝੂਆਂ ਨਾਲ ਗਰਭਵਤੀ ਹੋ ਜਾਂਦੀ ਹੈ। ਕਰੋਨਾ ਤਾਲੀ ਥਾਲੀ ਖੜਕਾਉਣਾ ਨਾਲ ਡਰ ਕੇ ਭਜ ਜਾਵੇਗਾ। ਮੀਡੀਏ ਰਾਹੀਂ ਬਾਬਿਆਂ, ਤਾਂਤਰਿਕਾਂ, ਜੋਤਸ਼ੀਆਂ, ਪੁੱਛਾਂ ਦੇਣ ਵਾਲਿਆਂ ਰਾਹੀਂ ਰਾਤ ਦਿਨ ਅੰਧਵਿਸ਼ਵਾਸ ਫੈਲਾਇਆ ਜਾ ਰਿਹਾ ਹੈ । ਜੇ ਕਿਸੇ ਦੇ ਘਰ ਵਿਚ ਬੱਚਾ ਨਹੀਂ ਪੈਦਾ ਹੁੰਦਾ ਤੇ ਉਹ ਘਰ ਤਾਂਤਰਿਕਾਂ, ਅਖੌਤੀ ਸਿਆਣਿਆਂ ਤੇ ਪੁੱਛਾਂ ਦੇਣ ਵਾਲਿਆਂ ਤੇ ਵਿਸ਼ਵਾਸ ਕਰਦਾ ਹੋਵੇ ਅਤੇ ਕੋਈ ਤਾਂਤਰਿਕ ਉਹਨਾਂ ਨੂੰ ਸਲਾਹ ਦੇਵੇ ਕਿ ਕਿਸੇ ਬੱਚੇ ਦੀ ਬਲੀ ਦੇਣ ਨਾਲ ਉਹਨਾਂ ਦੇ ਘਰ ਬੱਚਾ ਹੋਵੇਗਾ ਤਾਂ ਉਹ ਸੱਚ ਮੰਨ ਕੇ,ਕਿਸੇ ਦਾ ਵੀ ਛੋਟਾ ਬੱਚਾ ਹਨੇਰੇ ਸਵੇਰੇ ਚੁੱਕ ਕੇ ਕਤਲ ਕਰ ਸਕਦਾ ਹੈ। ਉਹ ਬਦਕਿਸਮਤ ਬੱਚਾ ਤੁਹਾਡੇ ਨੇੜੇ ਤੇੜੇ ਦੇ ਪਰਿਵਾਰ ਦਾ, ਤੁਹਾਡਾ ਜਾਂ ਮੇਰਾ ਵੀ ਹੋ ਸਕਦਾ ਹੈ। ਬਾਅਦ ਵਿਚ ਭਾਵੇਂ ਤਾਂਤਰਿਕ ਨੂੰ ਫਾਂਸੀ ਹੋ ਜਾਵੇ , ਜੇਲ੍ਹ ਹੋ ਜਾਵੇ ਅਤੇ ਬੱਚੇ ਦੀ ਇੱਛਾ ਰੱਖਣ ਵਾਲਾ ਪਰਿਵਾਰ ਵੀ ਅੰਦਰ ਹੋ ਜਾਵੇ ਪਰ ਅਭਾਗੇ ਪਰਿਵਾਰ ਨੂੰ ਉਹ ਬੱਚਾ ਨਹੀਂ ਮਿਲਦਾ, ਕੇਵਲ ਸਾਲਾਂ ਬੱਧੀ ਸੋਗ ਹੀ ਪੱਲੇ ਪੈਂਦੇ ਰਹੇ ਹਨ। ਸੰਬੰਧਿਤ ਪਰਿਵਾਰਾਂ ਨੂੰ ਆਪਣੇ ਬੱਚਿਆਂ ਦੀ ਮੌਤ ਦਾ ਸੱਲ ਸਾਰੀ ਉਮਰ ਚੀਸ ਦਿੰਦਾ ਰਹਿੰਦਾ ਹੈ।ਅਜਿਹੇ ਕੇਸ ਆਮ ਵਾਪਰਦੇ ਹਨ।ਜਿਸ ਘਰ ਦਾ ਚਿਰਾਗ ਬੁਝ ਜਾਂਦਾ ਹੈ, ਉਸ ਦੇ ਦਿਲ ਨੂੰ ਪੁੱਛ ਕੇ ਦੇਖੋ। ਬਠਿੰਡਾ ਨੇੜਲੇ ਕੋਟਫੱਤਾ ਪਿੰਡ ਦੇ ਕਿਸੇ ਪਰਿਵਾਰ ਦੇ ਔਲਾਦ ਨਹੀਂ ਹੁੰਦੀ ਸੀ ਤਾਂ ਉਹਨਾਂ ਅਖੌਤੀ ਸਿਆਣਿਆਂ ਦੇ ਕਹਿਣ ਤੇ ਆਪਣੇ ਹੀ ਪਰਿਵਾਰ ਦੇ ਦੋ ਬੱਚਿਆਂ ਦੀ ਬਲੀ ਦੇ ਦਿੱਤੀ।ਅਖੌਤੀ ਸਿਆਣੇ ਨੇ ਕਿਹਾ ਸੀ ਬਲੀ ਦੇਣ ਉਪਰੰਤ ਬੱਚਾ ਹੋ ਜਾਵੇਗਾ ਤੇ ਮਰੇ ਬੱਚਿਆਂ ਨੂੰ ਵੀ ਜਿਉਂਦੇ ਕਰ ਦਿੱਤਾ ਜਾਵੇਗਾ।ਇਸ ਤਰ੍ਹਾਂ ਕਿਸੇ ਮੁਹੱਲੇ ਵਿਚ ਕਿਸੇ ਦੇ ਘਰ ਵਾਸੀ ਰੋਟੀਆਂ ਆਉਂਦੀਆਂ ਸਨ,ਕਦੇ ਕਦੇ ਛੋਟੇ ਰੋੜੇ ਵੀ ਆ ਜਾਂਦੇ ਸਨ, ਦੁਖੀ ਔਰਤ ਇੱਕ ਤਾਂਤਰਿਕ ਕੋਲ ਜਾ ਪਹੁੰਚੀ। ਤਾਂਤਰਿਕ ਨੇ ਆਪਣੀ ਫੀਸ ਲੈ ਕੇ ਦਸਿਆ ਕਿ ਇਹ ਤੁਹਾਡੀ ਗਲੀ ਵਿਚ ਤੁਹਾਡੇ ਸੱਜੇ ਪਾਸੇ ਦੀ ਮੋਟੀ ਗੁਆਂਢਣ ਇਹ ਕੰਮ ਕਰਦੀ ਹੈ । ਦੁਖੀ ਔਰਤ ਨੇ ਸੱਜੇ ਪਾਸੇ ਤਿੰਨ ਘਰ ਛੱਡ ਕੇ ਮੋਟੀ ਗੁਆਂਢਣ ਔਰਤ ਨੂੰ ਉਸਦੇ ਬੱਚਿਆਂ ਨੂੰ ਮਰਨ ਤਕ ਦੀਆਂ ਗਾਲ੍ਹਾਂ ਦੇਣੀਆਂ ਸ਼ੁਰੂ ਕਰ ਦਿਤੀਆਂ ।ਅੰਦਰੋਂ ਔਰਤ ਨਿਕਲੀ ਅਤੇ ਬੜੇ ਪਿਆਰ ਨਾਲ ਸਮਝਾਇਆ ਕਿ ਸਾਡੇ ਵਲੋਂ ਕੁੱਝ ਨਹੀਂ ਸੁਟਿਆ ਜਾਂਦਾ, ਜਦ ਪੀੜਿਤ ਔਰਤ ਮੰਨਣ ਤੇ ਹੀ ਨਾ ਆਵੇ ਤਾਂ ਅਖੀਰ ਦੁਖੀ ਔਰਤ ਨੇ ਦੂਜੀ ਔਰਤ ਦੀ ਗੁੱਤ ਫੜ ਲਈ ਅਤੇ ਛੱਡ ਛੁੜਾ ਹੋਣ ਤੋਂ ਪਹਿਲਾਂ ਹੀ ਦੋਵੇਂ ਗੁੱਤਮ ਗੁੱਤੀ ਹੋ ਗਈਆਂ । ਤਾਂਤਰਿਕ ਤੇ ਕਹਿਣ ਤੇ ਦੋ ਗੁਆਂਢੀ ਘਰਾਂ ਵਿੱਚ ਵੈਰ ਪੈ ਗਿਆ। ਇਸੇ ਤਰਾਂ ਸੰਗਰੂਰ ਜ਼ਿਲ੍ਹੇ ਦੇ ਇੱਕ ਪਿੰਡ ਵਿਖੇ ਅੱਜ ਤੋਂ ਪੰਦਰਾਂ -ਵੀਹ ਸਾਲ ਪਹਿਲਾਂ ਬੱਚੇ ਦੇ ਨੌਂਹ ਵਿਚ ਚੋਰ ਦੀ ਸ਼ਕਲ ਵਿਖਾਉਣ ਵਾਲੇ ਬਾਬੇ ਨੇ ਦੋ ਘਰਾਂ ਵਿੱਚ ਲੜਾਈ ਪਵਾ ਦਿੱਤੀ। ਜਦੋਂ ਬਿਨਾ ਕਾਰਣ ਗਲ ਪਈ ਲੜਾਈ ਵਾਲੇ ਪਰਿਵਾਰ ਨੇ ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਕੋਲ ਇਸ ਸੰਬੰਧੀ ਗੱਲ ਰੱਖੀ ਤਾਂ ਪੂਰੀ ਤਹਿਕਾਤ ਕਰਕੇ ਬਾਬੇ ਕੋਲੋਂ ਮਾਫ਼ੀ ਮੰਗਵਾਈ ਤੇ ਲਏ ਪੈਸੇ ਵਾਪਸ ਕਰਵਾਏ ਤੇ ਦੋਵਾਂ ਪਰਿਵਾਰਾਂ ਦੇ ਆਪਸ ਵਿੱਚ ਵਧੇ ਸ਼ਿਕਵੇ ਨੂੰ ਦੂਰ ਕੀਤਾ।ਕਾਫੀ ਸਮਾਂ ਪਹਿਲਾਂ ਦੀ ਗਲ ਹੈ ਕਿ ਝਾਰਖੰਡ ਵਿਖੇ ਅੰਧਵਿਸ਼ਵਾਸ਼ੀ ਲੋਕ ਇੱਕ ਮਾਂ ਅਤੇ ਉਸ ਦੀ ਬੇਟੀ ਨੂੰ ਉਹਨਾਂ ਦੇ ਘਰ ਦਾ ਦਰਵਾਜ਼ਾ ਤੋੜ ਕੇ ਸ਼ਮਸ਼ਾਨ ਘਾਟ ਲੈ ਗਏ। ਉਹਨਾਂ ਤੇ ਦੋਸ਼ ਲਾਇਆ ਕਿ ਉਹ ਡੈਣਾਂ ਹਨ। ਇਸ ਤਰ੍ਹਾਂ ਦਾ ਸਿਲਸਿਲਾ ਬੰਦ ਨਹੀਂ ਹੋਇਆ ਹੁਣ ਵੀ ਅਜਿਹੀਆਂ ਮਾੜੀਆਂ ਘਟਨਾਵਾਂ ਵਾਪਰਦੀਆਂ ਹਨ।ਹੁਣੇ ਜਿਹੇ ਜੁਲਾਈ ਮਹੀਨੇ ਬਿਹਾਰ ਦੇ ਪੂਰਨੀਆਂ ਜ਼ਿਲ੍ਹੇ ਦੇ ਪਿੰਡ ਟੇਟਗਾਮਾ ਵਿਖੇ ਘਰ ਦੇ ਪੰਜ ਜੀਆਂ ਨੂੰ ਡੈਣ ਕਹਿ ਕੇ ਮਾਰ ਦਿੱਤਾ। ਵਿਗਿਆਨਕ ਸੋਚ ਤੋਂ ਹੀਣੇ ਅਖੌਤੀ ਸਿਆਣਿਆਂ ਦੇ ਭਰਮਜਾਲ ਵਿੱਚ ਫਸੇ ਲੋਕਾਂ ਵੱਲੋਂ ਅਕਸਰ ਦੋਸ਼ ਲਾਇਆ ਜਾਂਦਾ ਹੈ ਪਿੰਡ ਵਿੱਚ ਸਮੱਸਿਆਵਾਂ, ਬੀਮਾਰੀਆਂ ਪਿੰਡ ਵਿੱਚ ਇਨ੍ਹਾਂ ਡੈਣਾਂ/ ਚੂੜੇਲਾਂ ਕਾਰਨ ਹੁੰਦੀਆਂ ਹਨ। ਔਰਤਾਂ ਪ੍ਰਤੀ ਨਫ਼ਰਤ, ਨਿਰਾਦਰੀ, ਭੇਦਭਾਵ ਕਰਕੇ ਓਝਿਆਂ/ ਤਾਂਤਰਿਕਾਂ ਦੁਆਰਾ ਔਰਤਾਂ ਨੂੰ ਡੈਣ ਗ਼ਰਦਾਨ ਦਿੱਤਾ ਜਾਂਦਾ ਹੈ ਤੇ ਲੋਕਾਂ ਦਾ ਨਜ਼ਰੀਆ ਵਿਗਿਆਨਕ ਨਾ ਹੋਣ ਕਾਰਨ,ਅੰਧਵਿਸ਼ਵਾਸੀ ਲੋਕ ਤਾਂਤਰਿਕਾਂ/ ਓਝਿਆਂ ਦੀ ਕਹੀਆਂ ਗੱਲਾਂ ਸੱਚ ਮੰਨ ਲੈਂਦੇ ਹਨ।ਭਾਰਤ ਵਿਚ ਕਿੰਨੀਆਂ ਹੀ ਬਿਮਾਰ ਔਰਤਾਂ ਨੂੰ ਠੀਕ ਕਰਨ ਦੇ ਬਹਾਨੇ ਤਾਂਤਰਿਕਾਂ ਨੇ ਆਪਣੀ ਹਵਸ ਦਾ ਸ਼ਿਕਾਰ ਬਣਾਇਆ, ਕਈਆਂ ਦੇ ਘਰਾਂ ਵਿੱਚ ਦੁੱਖ ਦਲਿਦਰ ਦੂਰ ਕਰਨ ਦੇ ਬਹਾਨੇ ਸਾਰੇ ਟੱਬਰ ਨੂੰ ਬੇਹੋਸ਼ ਕਰਕੇ ਸਭ ਕੁੱਝ ਲੁੱਟ ਕੇ ਲੈ ਗਏ। ਰਿਸ਼ਤੇਦਾਰ ਤਾਂਤਰਿਕ ਵੀ ਕਿਸੇ ਨੂੰ ਮਾਫ਼ ਨਹੀਂ ਕਰਦੇ। ਵਾਸਤੂ ਸ਼ਾਸਤਰ ਵਾਲਿਆਂ ਨੇ ਕਿੰਨੀਆਂ ਦੇ ਘਰ ਦੇ ਦਰਵਾਜ਼ੇ, ਪੌੜੀਆਂ ਜਾਂ ਰਸੋਈਆਂ ਗਲਤ ਦਿਸ਼ਾ ਦਸ ਕੇ ਤੁੜਵਾਈਆਂ। ਕਿਸੇ ਵੀ ਧਰਮ ਦੇ ਪਾਖੰਡ ਜਾਂ ਪਾਖੰਡਾਂ ਰਾਹੀਂ ਕੀਤੀ ਜਾਂਦੀ ਲੁੱਟ ਦਾ ਵਿਰੋਧ ਕਰਨਾ ਧਾਰਮਿਕ ਲੋਕਾਂ ਦੀ ਆਸਥਾ ਤੇ ਸੱਟ ਵੱਜਣਾ ਮੰਨ ਲਿਆ ਜਾਂਦਾ ਹੈ ਅਤੇ ਪਾਖੰਡ ਦਾ ਪਰਦਾ ਫਾਸ਼ ਕਰਨ ਵਾਲਿਆਂ ਤੇ ਕੋਰਟਾਂ ਵਿਚ ਕੇਸ ਚਲਾਏ ਜਾਂਦੇ ਹਨ। ਮਹਾਰਾਸ਼ਟਰ ਵਿਚ ਡਾਕਟਰ ਦਾਭੋਲਕਰ ਅੰਧਵਿਸ਼ਵਾਸ ਦੇ ਵਿਰੁੱਧ ਪ੍ਰਚਾਰ ਕਰ ਰਹੇ ਸਨ ਅਤੇ ਉਹਨਾਂ ਨੇ ਅੰਧਵਿਸ਼ਵਾਸ ਵਿਰੋਧੀ ਕਾਨੂੰਨ ਪਾਸ ਕਰਵਾਉਣਾ ਚਾਹਿਆ। ਧਾਰਮਿਕ ਕੱਟੜ ਸੋਚ ਵਾਲਿਆਂ ਨੇ ਦਾਭੋਲਕਰ ਦੀਆਂ ਗਤੀਵਿਧੀਆਂ ਧਰਮ ਵਿਰੋਧੀ ਮੰਨਦੇ ਹੋਏ ਉਹਨਾਂ ਨੂੰ ਮਾਰ ਦਿੱਤਾ। ਇਸੇ ਤਰਾਂ ਕਾਮਰੇਡ ਪਨਸਾਰੇ , ਐਮ ਐਮ ਕਲਬੁਰਜੀ ਅਤੇ ਲੇਖਿਕਾ ਗੌਰੀ ਲੰਕੇਸ਼ ਨੂੰ ਮਾਰ ਦਿੱਤਾ।ਦੇਸ ਦੀ ਤਰੱਕੀ ਤੇ ਖੁਸ਼ਹਾਲੀ ਲਈ, ਰਾਜ ਸੱਤਾ ਦੇ ਮਾਲਕਾਂ ਨੂੰ ਲੋਕਾਂ ਵਿਚੋਂ ਅੰਧਵਿਸ਼ਵਾਸ ਵਹਿਮ ਭਰਮ, ਰੂੜ੍ਹੀਵਾਦੀ ਸੋਚ ਨੂੰ ਕੱਢ ਕੇ ਲੋਕਾਂ ਨੂੰ ਵਿਗਿਆਨਕ ਸੋਚ ਦੇ ਧਾਰਨੀ ਬਣਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਤਰਕਸ਼ੀਲ ਸੁਸਾਇਟੀ ਦਾ ਸੁਨੇਹਾ ਹੈ ਕਿ ਲੋਕ ਲਾਈਲੱਗਤਾ, ਅੰਧਵਿਸ਼ਵਾਸਾਂ ਦੇ ਹਨ੍ਹੇਰੇ ਵਿਚੋਂ ਨਿਕਲ ਕੇ ਵਿਗਿਆਨਕ ਸੋਚ ਦੇ ਉਜਾਲੇ ਵਿੱਚ ਆਉਣ,ਵਿਗਿਆਨਕ ਸੋਚ ਵਕ਼ਤ ਦੀ ਮੁੱਖ ਲੋੜ ਹੈ। ਵਿਗਿਆਨਕ ਸੋਚ ਅਪਣਾਓ, ਅੰਧਵਿਸ਼ਵਾਸਾਂ ਦਾ ਹਨੇਰਾ ਭਜਾਓ।